# ਸੂਰਾ

ਮਾਸਕ ਪੱਤਰ

ਅੰਮ੍ਰਿਤਸਰ AMRITSAR


## ਭਾਈ ਘਨੱਈਆ ਜੀ


ਜੁਲਾਈ ੧੯੭੬

July 1976




ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥


www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿੱਠੀ ੩/੭੦-੬੮-੨੧ (ਮਿਤੀ-੧੭੧੦-੬੮ ਅ. ਪ.) ਅਨੁਸਾਰ
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬ੍ਰੇਰੀਆਂ ਲਈ ਪਰਵਾਨ ਹੈ।

# ਤਤਕਰਾ


ਹਰਫ਼ੇ ਬਗ਼ੈਰ ਅਜ਼ ਯਾਦਿ ਹੱਕ (ਫ਼ਾਰਸੀ ਗ਼ਜ਼ਲ) — ਭਾਈ ਨੰਦ ਲਾਲ ਜੀ ੧
ਸ਼ਬਦ-ਸੁਰਤ ਤੇ ਸੱਚੀ ਯੋਗ-ਸਾਧਨਾ — ਭਾਈ ਸਾਹਿਬ ਰਣਧੀਰ ਸਿੰਘ ਜੀ ੨
ਜਮ ਤੇ ਜਮਪੁਰੀ (੩) — ,, ,, ੫
ਨਾਨਕ ਭੁਖਾ ਤਾ ਰਜੈ ਜਾ ਗੁਣ ਕਹਿ ਗੁਣੀ ਸਮਾਇ — ਸਾਰੰਗ ਜੀ, ਕਪੂਰਥਲਾ ੧੧
ਆਪਸ ਕਉ ਕਰਿ ਕਛੁ ਨ ਜਨਾਵੈ — ਭਾਈ ਸਾਹਿਬ ਰਾਮ ਸਿੰਘ ਜੀ ੧੬
ਚਾਰਬਾਗ ਪੰਜਾਬ ਬਾਰੇ — ਕੈਪਟਨ ਸਵਰਨ ਸਿੰਘ ਜੀ ੧੯
ਦੀਵਾ ਬਲੈ ਅੰਧੇਰਾ ਜਾਇ — ਗਿ: ਗੋਪਾਲ ਸਿੰਘ ਜੀ ਮਿੱਤਰ ੨੪
ਯਾਦ ਬਿਨਾਂ ਕੁਈ ਹੋਰ ਵਸਤ ਨਾ (ਪੰਜਾਬੀ ਕਾਵਿ ਰੂਪ) — ਸ: ਵਿਧਾਤਾ ਸਿੰਘ ਜੀ ਤੀਰ ੨੫
ਮਾਤਾ ਖੀਵੀ ਜੀ — ਸ: ਵਰਿਆਮ ਸਿੰਘ ਜੀ, ਦਿਲੀ ੨੬
ਦੁਖ ਦੀ ਗੱਲ — ਇਕ ਸੇਵਕ ਜੀ ੩੦
ਸਤਿਗੁਰੂ ਜੀ ਦਾ ਦੀਵਾਨ ਅਤੇ ਸਾਡਾ ਫ਼ਰਜ਼ — ਸੂਰਾ ਪਰਵਾਰ ੩੪
ਰੈਣ ਸਬਾਈ ਕੀਰਤਨ ਖੰਡਨ ਕਿ ਮੰਡਨ — ਭਾਈ ਖ਼ਜ਼ਾਨ ਸਿੰਘ ਜੀ ੩੬
ਜੋ ਪਾਣੀ 'ਗੁਰ' ਅੰਮ੍ਰਿਤ ਚਾ ਬਣਾਂਵਦੇ (ਕਵਿਤਾ) — ਸ: ਦੇਵਾ ਸਿੰਘ ਜੀ ਕਿਰਤੀ ੩੭
ਸਿਖ ਧਰਮ ਤੇ ਫ਼ਿਲਮਾਂ — ਭਾਈ ਗੁਰਬਖ਼ਸ਼ ਸਿੰਘ ਜੀ ੩੮
ਸਮਾਜਵਾਦ ਦਾ ਮੋਢੀ (ਕਵਿਤਾ) — ਸ: ਤੇਜਿੰਦਰ ਸਿੰਘ ਜੀ ਧੀਰਜ ੩੯
ਉਠੋ ਸਿੰਘ ਭੁਜੰਗੀਏ ਪੀ ਅੰਮ੍ਰਿਤ ਧਾਰਾ — ਗਿ: ਗੁਰਬਚਨ ਸਿੰਘ ਜੀ ੪੦
ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਵਿਚ ਰਚਨਹਾਰ ਤੇ ਰਚਨਾ — ਭਾਈ ਸਾਹਿਬ ਜੋਗਿੰਦਰ ਸਿੰਘ ਜੀ ੪੧


**ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਅਵਤਾਰ ਧਾਰਿਆ ੨੦ ਜੁਲਾਈ**

## 'ਸੂਰਾ' ਮਾਸਕ ਪੱਤਰ ਨੂੰ ਸਹਾਇਤਾ

| | |
|---|---|
| ਸ: ਇਕਬਾਲ ਸਿੰਘ ਜੀ ਮੇਰਠ ਛਾਉਣੀ ਵਲੋਂ | ੨੨–੦੦ |
| ਸ: ਈਸ਼ਰ ਸਿੰਘ ਜੋਗਿੰਦਰ ਸਿੰਘ ਜੀ ਗਵਾਲੀਅਰ ਵਲੋਂ ਬਚੀ ਪ੍ਰੇਮ ਕੌਰ ਦੀ ਬਰਸੀ ਸਮੇਂ | ੫–੦੦ |
| ਸ: ਜਗਜੀਤ ਸਿੰਘ ਜੀ ਠੰਡਾ ਪਾਣੀ ਵਲੋਂ | ੫–੦੦ |
| ਸ: ਬੂਟਾ ਸਿੰਘ ਕੇਸਰ ਸਿੰਘ ਜੀ ਪੱਥਰਡੀਹ ਵਲੋਂ ਮਾਤਾ ਜੀ ਦੇ ਅੰਤਮ ਭੋਗ ਸਮੇਂ | ੧੧–੦੦ |
| ਸ: ਮਨਜੀਤ ਸਿੰਘ ਜੀ ਨਵੀਂ ਦਿੱਲੀ ਵਲੋਂ | ੧੨–੦੦ |
| ਭਾਈ ਮਸਤਾ ਸਿੰਘ ਜੀ ਡਰਬੀ (ਯੂ. ਕੇ.) ਵਲੋਂ | ੮੨–੧੧ |
| ਸ: ਮਹਿੰਦਰ ਸਿੰਘ ਜੀ ਢੱਡਾ, ਡਰਬੀ (ਯੂ.ਕੇ.) ਵਲੋਂ | ੫੦–੮੩ |

ਸਤਿਗੁਰੂ ਪਿਤਾ ਆਪ ਸੱਭ ਗੁਰਸਿਖਾਂ ਵੀਰਾਂ ਭੈਣਾਂ ਨੂੰ ਨਾਮ ਦਾਨ, ਚੜ੍ਹਦੀ ਕਲਾਂ ਅਤੇ ਆਪਣੇ ਚਰਨਾਂ ਦੀ ਪ੍ਰੀਤੀ ਬਖਸ਼ਣ।

ਗੰਭੀਰ ਪ੍ਰਿੰਟਿੰਗ ਪ੍ਰੈਸ, ਚੌਕ ਬਾਬਾ ਭੋੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ **ਸਰਬ** ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧.੭.੭੬ ਨੂੰ ਪ੍ਰਕਾਸ਼ਤ ਕੀਤਾ।
ਟੈਲੀਫ਼ੋਨ ਨੰਬਰ 51847

www.AKJ.Org

# ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥





ਸ ਲਾਨਾ ਚੰਦਾ ੮–੦
ਪਰਦੇਸ ੧੮–੫੦
ਹਵਾਈ ਰੇਟ ਵੱਖ ਵੱਖ
ਇਕ ਪਰਚਾ ੦–੭੫



**ਸੰਪਾਦਕੀ ਬੋਰਡ**

ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਗਿ: ਜਸਵੰਤ ਸਿੰਘ
ਗਿ: ਗੁਰਬਚਨ ਸਿੰਘ
ਭਾਈ ਸੇਵਾ ਸਿੰਘ



## ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ

ਜਿਲਦ ੧੦ ਜੁਲਾਈ ੧੯੭੬ ਅੰਕ ੭


## ਹਰਫ਼ੇ ਬਗ਼ੈਰ ਅਜ਼ ਯਾਦਿ ਹੱਕ

ਦੀਦੀ, ਆਖ਼ਰ ਤਾਲਬਿ ਮੌਲਾ, ਰਹਿ ਮੌਲਾ ਗ੍ਰਿਫ਼ਤ।
ਹਾਸਿਲ ਉਮਰਿ ਗਰਾਮੀ ਰਾ, ਅਜ਼ੀਂ ਦੁਨੀਆ ਗ੍ਰਿਫ਼ਤ ॥੧॥
ਹੇਚ ਕਸ ਬੇਰੂੰ ਨ ਬਾਸ਼ਦ, ਅਜ਼ ਸਵਾਇ ਜ਼ੁਲਫ਼ਿ ਤੋ।
ਈਂ ਦਿਲਿ ਦੀਵਾਨਾ-ਅਮ, ਆਖ਼ਰ ਹਮੀਂ ਸੌਦਾ ਗ੍ਰਿਫ਼ਤ ॥੨॥
ਗ਼ੈਰ, ਆਂ ਸਰਵਿ ਰਵਾਂ, ਹਰਗਿਜ਼ ਨ ਯਾਬਦ, ਦਰ ਨਜ਼ਰ।
ਤਾ ਕਦਿ ਰਾਅਨਾਏ ਓ, ਦਰ ਦੀਦਾ-ਇ ਮਾ ਜਾ ਗ੍ਰਿਫ਼ਤ ॥੩॥
ਅਜ਼ ਨਦਾਏ ਨਾਕਾ-ਇ ਲੈਲਾ, ਦਿਲੇ ਸ਼ੋਰੀਦਾ-ਅਮ।
ਹਮਚੂੰ ਮਜਨੂੰ ਮਸਤ ਗਸ਼ਤੋ, ਰਹ ਸੂਏ ਸਹਰਾ ਗ੍ਰਿਫ਼ਤ ॥੪॥
ਖ਼ੁਸ਼ ਨਮੇ ਆਇਦ ਮਰਾ, ਹਰਫ਼ੇ ਬਗ਼ੈਰ ਅਜ਼ ਯਾਦਿ ਹੱਕ।
ਤਾਹਦੀਸਿ ਸ਼ੌਕਿ ਓ, ਅੰਦਰ ਦਿਲਮ ਮਾਵਾ ਗ੍ਰਿਫ਼ਤ ॥੫॥
ਤਾ ਬਯਾਈ ਯਕ ਨਫ਼ਸ, ਬਹਰਿ ਨਯਾਜ਼ਿ ਖ਼ਿਦਮਤਤ।
ਚਸ਼ਮਿ ਗੌਹਰ ਬਾਰਿ ਮਾ, ਖ਼ੁਸ਼ ਲੂਲੂਏ ਲਾਲਾ ਗ੍ਰਿਫ਼ਤ ॥੬॥
ਮੇ ਬਰਾਇਦ ਜਾਨਿ ਮਨ, ਇਮਰੋਜ਼, ਅਜ਼ ਰਾਹਿ ਦੋ ਚਸ਼ਮ।
ਨੌਬਤਿ ਦੀਦਾਰਿ ਊ, ਤਾ ਵਾਅਦਾ-ਇ ਫ਼ਰਦਾ ਗ੍ਰਿਫ਼ਤ ॥੭॥
ਗ਼ੈਰ ਹਮਦਿ ਹੱਕ, ਨਯਾਇਦ, ਬਰ ਜ਼ਬਾਨਮ ਹੇਚਗਾਹ।
ਹਾਸਲਿ ਈਂ ਉਮਰ ਰਾ ਆਖ਼ਰ ਦਿਲਿ 'ਗੋਇਆ' ਗ੍ਰਿਫ਼ਤ ॥੮॥

ਪੰਜਾਬੀਉਲਥਾ ਵੇਖੋ ਅੰਦਰ] [ਭਾਈ ਨੰਦ ਲਾਲ ਜੀ, ਗ਼ਜ਼ਲ ੧੧

www.AKJ.Org

# ਸ਼ਬਦ-ਸੁਰਤ ਤੇ ਸੱਚੀ ਯੋਗ-ਸਾਧਨਾ

[ਵਲੋਂ :—ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]

ਹੱਠ-ਯੋਗੀਆਂ ਵਾਲੇ ਧਿਆਨ ਦੇ ਉਪਾਸ਼ਕ ਜੀ ਦਾ ਪਹਿਲੇ ਪੈਰੇ ਵਿਚ ਵਿਚਾਰ ਹੈ। ਇਸ ਤੋਂ ਬਾਅਦ ਭਾਈ ਸਾਹਿਬ ਜੀ ਵਲੋਂ ਗੁਰਮਤਿ ਦੀ ਰੌਸ਼ਨੀ ਵਿਚ ਇਸ ਬਾਰੇ ਖੋਲ੍ਹ ਕੇ ਵਿਆਖਿਆ ਕੀਤੀ ਗਈ ਹੈ।

(੩੧) "ਗੁਰਮਤਿ ਨਾਮ ਦੇ ਅਭਿਆਸ ਨੂੰ ਅਧਿਕ ਤੋਂ ਅਧਿਕ ਦ੍ਰਿੜ੍ਹਾਉਣ ਅਤੇ ਸੁਰਤ-ਸ਼ਬਦ ਸੁਆਸ ਅਭਿਆਸ ਦਾ ਖੰਡਾ ਖੜਕਾਉਣ ਲਈ ਨਿਰਸੰਦੇਹ ਬਾਣੀ ਦਾ ਪਾਠ ਅਤੇ ਕੀਰਤਨ ਅਤਿਅੰਤ ਸਹਾਈ ਹਨ। ਪ੍ਰੰਤੂ ਜਾਪ-ਸਿਮਰਨ ਦੇ ਅਭਿਆਸੀ ਜਨ ਨੂੰ ਹਰ ਸਮੇਂ ਸੁਆਸਿ ਸੁਆਸਿ ਇਹ ਸਹਾਇਤਾ ਨਹੀਂ ਮਿਲ ਸਕਦੀ। ਤਾਂ ਤੇ ਜੇਕਰ ਬਾਣੀ ਦੇ ਪਾਠ ਅਤੇ ਕੀਰਤਨ ਦਾ ਅਵਸਰ ਨਾ ਬਣੇ ਤਾਂ ਫੇਰ ਆਪ ਦੀ ਧਾਰਨਾ ਅਤੇ ਧਿਆਨ ਦਾ ਕੰਮ ਕਿਕੂੰ ਚਲੂ ? ਜਾਪ-ਸਿਮਰਨ ਤਾਂ ਅਠੇ ਪਹਿਰ ਜਾਰੀ ਰਹਿਣਾ ਹੋਇਆ।"

ਐਸਾ ਜਾਪਦਾ ਹੈ ਕਿ ਆਪ ਦੇ ਖ਼ਿਆਲ ਅੰਦਰ ਯੋਗੀ ਜਨਾਂ ਵਾਲੀ ਧਿਆਨ-ਯੁਕਤੀ ਵਾਲਾ ਅਕਸ ਜੰਮਿਆ ਹੋਇਆ ਹੈ, ਕਿਉਂਕਿ ਉਹ ਸਮਾਧੀ ਲਾਉਣ ਲਗੇ ਕੇਵਲ ਕਿੰਚਤ ਮਾਤਰੀ ਕਾਲ ਲਈ ਹੀ ਧਿਆਨ ਜੋੜਦੇ ਹਨ ਅਤੇ ਖ਼ਾਸ ਖ਼ਾਸ ਬੱਧੇ ਸਮਿਆਂ ਅੰਦਰ ਹੀ ਧਿਆਨ-ਚਿੱਲਿਆਂ ਵਿਚ ਬੈਠਦੇ ਹਨ। ਸਮਾਧ-ਸਿਧੀ ਪਸਚਾਤ ਤਿਨ੍ਹਾਂ ਨੂੰ ਧਿਆਨ ਜੋੜਨ ਦੀ ਲੋੜ ਨਹੀਂ ਰਹਿੰਦੀ ਤੇ ਪੈਂਦੀ। ਤਿਸ ਕਿੰਚਤ ਮਾਤਰ ਧਿਆਨ-ਕਾਲ ਸਮੇ ਯੋਗੀ—ਜਨ ਸ਼ਬਦਾਂ ਅਰਥਾਂ ਵਲ ਧਿਆਨ ਜੋੜਦੇ ਹਨ, ਸਜਣ ਜੀ ਨੇ ਏਥੇ ਥੋੜਾ ਵਾਧਾ ਇਹ ਕੀਤਾ ਕੀਤਾ ਹੈ ਕਿ ਗੁਰਮਤਿ-ਜਾਪ ਸਿਮਰਨ ਜੁਗਤੀ ਅਨੁਸਾਰ ਬਾਣੀ ਦਾ ਪਾਠ ਅਤੇ ਕੀਰਤਨ ਭੀ 'ਧਾਰਨਾ' ਅਤੇ 'ਧਿਆਨ' ਦਾ ਕੰਮ ਦਿੰਦੇ ਹਨ। ਸਾਨੂੰ ਯੋਗੀ ਜਨਾਂ ਦੇ ਯੋਗ ਖਲਜਗਣ ਵਿਚ ਪੈਣ ਦੀ ਲੋੜ ਨਹੀਂ। ਪ੍ਰੰਤੂ ਆਪ ਜੀ ਦੇ ਕਥੇ ਜਾਪ-ਸਿਮਰਨ ਸੰਬੰਧੀ ਧਿਆਨ-ਪ੍ਰਥਾਇ ਗੁਰਮਤਿ-ਨਿਰਣਾ ਕਰਨ ਸੇਤੀ ਕਾਜ ਹੈ।

ਪਹਿਲਾਂ ਤਾਂ ਆਪ ਇਉਂ ਆਖਦੇ ਹਨ ਕਿ ਸਿਮਰਨ ਤਾਂ ਧਿਆਨ ਧਾਰਨਾ ਹੈ, ਅਕਾਲ ਪੁਰਖ ਦਾ, ਜਿਸ ਦੇ ਰੂਪ ਸਰੂਪ ਤੋਂ ਅਸੀਂ ਜਾਣੂ ਹੀ ਨਹੀਂ, ਤਾਂ ਫੇਰ ਅਸੀਂ ਇਸ ਰੂਪ ਦੀ ਸਹਾਇਤਾ ਕੀ ਲੈ ਸਕਦੇ ਹਾਂ। ਅਤੇ ਅਕਾਲ ਪੁਰਖ ਜਿਸਦੇ ਧਿਆਨ ਲਈ ਅਸੀਂ ਤਰਲੇ ਲੈਣੇ ਹਨ ਯਾ ਜਿਸਦਾ ਅਸੀਂ ਧਿਆਨ ਧਰਨਾ ਹੈ, ਉਸ ਦੇ ਅਰਥ ਕੀ ਹੋ ਸਕਦੇ ਹਨ। ਨਾ-ਮਲੂਮ ਪਦਾਰਥ ਦੇ ਅਰਥਾਂ ਦਾ ਇਲਮ ਕੀ ਹੋ ਸਕਦਾ ਹੈ ? ਨਾ-ਮਲੂਮ ਦੇ ਅਰਥ ਭੀ ਨਾ-ਮਲੂਮ ਹਨ। ਤਦ ਉਹਨਾਂ ਦਾ ਧਿਆਨ ਕੀ ? ਅਤੇ ਕਿਵੇਂ ਬਝ ਸਕੂ ? ਕਿਵੇਂ ਭੀ ਨਹੀਂ। ਸ਼ਾਇਦ ਸਜਣ ਜੀ ਦਾ ਇਹ ਮਤਲਬ ਹੈ ਕਿ ਅਕਾਲ ਪੁਰਖ ਦੇ ਗੁਣਾਂ ਨੂੰ ਕਥਨਹਾਰੀ ਜੋ ਗੁਰਬਾਣੀ ਹੈ, ਅਥਵਾ ਅਕਾਲ ਪੁਰਖ ਦੇ ਅਲੇਖ ਸਰੂਪ ਨੂੰ ਲਖਾਵਣਹਾਰੀ ਜੋ ਗੁਰਬਾਣੀ ਹੈ, ਤਿਸ ਗੁਰਬਾਣੀ ਦੇ ਅਰਥਾਂ ਉਤੇ ਧਿਆਨ ਜਮਾਉਣਾ ਜਾਪ-ਸਿਮਰਨ ਨੂੰ ਸਹਾਈ ਹੁੰਦਾ ਹੈ। ਸੋ ਜੇਕਰ ਤਾਂ ਗੁਰਬਾਣੀ ਦੇ ਅਰਥਾਂ ਨੂੰ ਜਾਣ ਲੈਣ ਨਾਲ ਹੀ ਅਕਾਲ ਪੁਰਖ ਦੇ ਅਲਖ ਸਰੂਪ ਨੂੰ ਜਾਣ ਲਈਦਾ ਹੈ ਤਦ ਤਾਂ ਜਾਪ-ਸਿਮਰਨ ਦੀ ਲੋੜ ਹੀ ਨਹੀਂ। ਕਿਉਂਕਿ ਜਾਪ-ਸਿਮਰਨ ਕਰਨ ਦਾ ਨਮਿਤ-ਕਾਰਨ ਅਲਖ ਪਾਰਬ੍ਰਹਮ ਅਕਾਲ ਪੁਰਖ ਦੀ ਲਖਤਾ ਮਈ ਸਿਧੀ ਲਈ ਹੈ। ਅਤੇ ਜੇਕਰ ਗੁਰਬਾਣੀ ਦੇ ਅਰਥਾਂ ਨੂੰ ਅਨੁਮਾਨ ਮਾਤਰ ਜਾਣ ਲੈਣ ਨਾਲ ਅਕਾਲ ਪੁਰਖ ਦੇ ਅਲਖ ਸਰੂਪ ਦੀ ਤਤ ਲਖਤਾ ਪ੍ਰਾਪਤ ਨਹੀਂ ਹੁੰਦੀ, ਐਵੇਂ ਅਨੁਮਾਨ ਮਾਤਰ ਬੋਧ ਹੀ ਹੁੰਦਾ ਹੈ, ਤਦ ਗੁਰਬਾਣੀ ਦੇ ਅਨੁਮਾਨ ਮਾਤਰ ਅਰਥਾਂ ਦਾ ਧਿਆਨ ਧਰਨਾ ਜਾਪ ਸਿਮਰਨ ਪ੍ਰਤੀ ਕੀ ਸਹਾਈ ਹੋ ਸਕਦਾ ਹੈ। ਅਸਾਡੇ ਆਪੇ ਅਨੁਮਾਨ ਕੀਤੇ ਹੋਏ ਗੁਰਬਾਣੀ ਦੇ ਅਰਥ ਅਕਾਲ


www.AKJ.Org

ਪੁਰਖ ਦੇ ਤਤ ਅਲੱਖ ਸਰੂਪ ਦੇ ਲਖਾਇਕ ਨਹੀਂ ਹੋ ਸਕਦੇ । ਇਸ ਤੱਤ ਅਲਖ ਸਰੂਪ ਨੂੰ ਸਤਿਗੁਰਾਂ ਨੇ ਹੀ ਸਾਂਗੋ ਪਾਂਗ ਲਖਿਆ ਅਤੇ ਇਸ ਤੱਤ-ਲਖਤਾ ਦੀ ਸਾਂਗੋ ਪਾਂਗ ਸਾਖਸ਼ਾਤ-ਕਾਰਤਾ ਅੰਦਰ ਹੀ ਗੁਰਬਾਣੀ ਸਾਖਸ਼ਾਤਕਾਰ ਹੋਈ । ਤਾਂਤੇ ਗੁਰਬਾਣੀ ਅਕਾਲ ਪੁਰਖ ਦਾ ਸਾਖਿਆਤ ਗਿਆਨ ਹੈ ।

ਸੰਤਨ ਕੀ ਸੁਣਿ ਸਾਚੀ ਸਾਖੀ ॥
ਸੋ ਬੋਲਹਿ ਜੋ ਪੇਖਹਿ ਆਖੀ ॥
[ਰਾਮਕਲੀ ਮ: ੫, ਪੰਨਾ ੮੯੪

ਇਸ ਧੁਰ ਕੀ ਬਾਣੀ ਦੇ ਤਤ ਸਾਖਿਆਤ ਅਰਥ ਧੁਰ ਦੀ ਪਹੁੰਚ ਵਾਲੇ ਪੁਰਖ ਹੀ ਸਮਝ ਸਕਦੇ ਹਨ । ਇਸ ਤਤ ਵਾਸਤਵੀ ਅਰਥਾਂ ਦੀ ਸਾਖਸ਼ਾਤ-ਲਖਤਾ ਤੋਂ ਬਿਹੂਣ, ਅਰਥਾਂ ਦਾ ਧਿਆਨ ਕੀ ਅਰਥ ਰਖ ਸਕਦਾ ਹੈ । ਐਵੇਂ ਅਨੁਮਾਨ ਹੀ ਅਨੁਮਾਨ ਹੈ । ਇਸ ਨਿਰੇ ਅਨੁਮਾਨ ਦਾ ਜਾਪ ਸਿਮਰਨ ਨੂੰ ਕੀ ਸਹਾਰਾ ? ਐਸਾ ਪਰਤੀਤ ਹੁੰਦਾ ਹੈ ਕਿ ਉਹਨਾਂ ਦੇ ਨਿਕਟ ਗੁਰਬਾਣੀ ਦਾ ਬਾਰੰਬਾਰ ਭਾਵ-ਅਰਥ ਵਿਚਾਰ ਕੇ (ਅਨੁਮਾਨ ਕੇ) ਪੜ੍ਹੀ ਜਾਣਾ ਹੀ ਧਿਆਨ ਸੰਯੁਕਤ ਜਾਪ-ਸਿਮਰਨ ਦਾ ਕਰਨਾ ਹੈ । ਇਹੋ ਹੀ ਜਾਪ-ਸਿਮਰਨ ਹੈ । ਇਸ ਤੋਂ ਭਿੰਨ ਇਹਨਾਂ ਦੇ ਨਿਕਟ ਹੋਰ ਕੋਈ ਜਾਪ-ਸਿਮਰਨ ਨਹੀਂ, ਨਾ ਕੋਈ ਗੁਰਮੰਤਰ ਗੁਰਮਤਿ ਨਾਮ ਦਾ ਅਭਿਆਸ ਹੈ । ਤਾਂ ਹੀ ਉਹ ਕਹਿੰਦੇ ਹਨ ਕਿ 'ਮਨ ਨੂੰ ਇਕਾਗਰ ਕਰਨ ਲਈ ਬਾਣੀ ਦਾ ਪਾਠ, ਜਿਹਦੇ ਵਿਚ ਇਕੋ ਭਾਵ ਨੂੰ ਘੜੀ ਮੁੜੀ ਵਰਨਨ ਕੀਤਾ ਗਿਆ ਹੈ, ਸਹਾਇਤਾ ਕਰਦਾ ਹੈ ।' ਇਸ ਵਿਚ ਕੋਈ ਸੰਦੇਹ ਨਹੀਂ ਕਿ ਗੁਰਬਾਣੀ ਦਾ ਪਾਠ ਮਾਤਰ ਹੀ ਪਾਰਸ ਰੂਪ ਹੈ । ਗੁਰਬਾਣੀ ਅੰਮ੍ਰਿਤ ਬਾਣੀ ਜੁ ਹੋਈ । ਅੰਮ੍ਰਿਤ ਬਾਣੀ ਦਾ ਪਾਠ ਰੂਪੀ ਪਰਸਨ ਹੀ ਪਾਰਸ ਕਲਾ ਸੰਪੰਨ ਹੈ । ਜਿਉਂ ਜਿਉਂ ਅਤੇ ਜਿਤਨਾ ਭੀ ਗੁਰਬਾਣੀ ਦਾ ਪਾਠ ਕੀਤਾ ਜਾਵੇ, ਤਿਉਂ ਤਿਉਂ ਅਤੇ ਤਿਤਨੀ ਹੀ ਪਾਠੀ ਜਨ ਦੀ ਬਿਰਤੀ ਸੁਰਤੀ ਸੈਕਲ ਹੁੰਦੀ ਚਲੀ ਜਾਂਦੀ ਹੈ ਅਤੇ ਗੁਰਬਾਣੀ ਦਾ ਕੀਰਤਨ ਤਾਂ ਅੰਮ੍ਰਿਤ ਪਾਰਸ ਸੁਰਤਿ ਕਰਿ ਅਨੰਤ ਕਲਾ ਸੰਪੂਰਨ ਹੈ । ਪਰ ਆਪ ਜੀ ਦੀ ਸ਼ਰਧਾ ਗੁਰਬਾਣੀ ਦੀ ਇਸ ਪਾਰਸ ਕਲਾ ਉਪਰ ਬਝੀ ਪਰਤੀਤ ਨਹੀਂ ਹੁੰਦੀ । ਉਹ ਤਾਂ ਬਾਣੀ ਦੀ ਮਨ-ਉਕਤ ਅਰਥਾ-ਬੰਦੀ ਉਤੇ ਹੀ ਮਨ ਟਿਕਾਇਆ ਲੋੜਦੇ ਹਨ । ਇਹ ਤਾਂ ਉਹੋ ਮਨ-ਕਲਪਤ ਅਰਥਾ-ਤਸੱਵਰੀ ਵਾਲੀ ਹੀ ਖੇਡ ਹੈ । ਆਪ ਕੀਰਤਨ ਨੂੰ ਮਹਿਜ਼ ਰਾਗ ਸਮਝਦੇ ਹੋਏ, ਰਾਗ ਦਾ ਅਸਰ ਤਾਂ ਮਨੁਖੀ ਮਨ ਤੇ ਬਹੁਤ ਮੰਨਦੇ ਹਨ ਅਤੇ ਕਹਿੰਦੇ ਹਨ ਕਿ 'ਇਹਦੇ ਵਿਚ (ਰਾਗ ਵਿਚ) ਮਨ ਨੂੰ ਖਿਚ ਲੈਣ ਦੀ ਸ਼ਕਤੀ ਹੈ ।' ਆਮ ਰਾਗ ਵਿਚ ਮਨ ਨੂੰ ਮੋਹਤ ਕਰ ਲੈਣ (ਖਿਚ ਲੈਣ) ਦੀ ਕੁਸ਼ਕਤੀ ਤਾਂ ਹੈ, ਪਰ ਅੰਮ੍ਰਿਤ-ਕਲਾ ਵਰਤਾਉਣ ਦੀ ਪਾਰਸ-ਸ਼ਕਤਿ ਨਹੀਂ । ਇਹ ਪਾਰਸ-ਸ਼ਕਤਿ ਗੁਰਬਾਣੀ ਅਤੇ ਗੁਰਬਾਣੀ ਦੇ ਕੀਰਤਨ ਵਿਚ ਹੈ । ਅਤੇ ਅੰਮ੍ਰਿਤ ਰੂਪ ਗੁਰਮਤਿ ਨਾਮ, ਅਰਥਾਤ ਗੁਰ-ਮੰਤਰ (ਗੁਰ-ਸ਼ਬਦ) ਦੇ ਜਾਪ-ਸਿਮਰਨ ਅੰਦਰ ਇਹ ਪਾਰਸ ਕਲਾ ਅਮਰੋਂ ਹੀ ਹੈ । ਸ਼ਬਦ (ਗੁਰਮੰਤਰ) ਦੀ ਨਿਜ ਜ਼ਾਤ ਅੰਦਰ ਇਹ ਪਾਰਸ-ਕਲਾ ਹੈ । **ਇਸ ਸ਼ਬਦ (ਗੁਰ-ਮੰਤਰ, ਗੁਰਮਤਿ ਨਾਮ) ਦੇ ਰਸਨਾ ਦੁਆਰਾ ਪਰਸਨ ਕਰਿ, ਅਤੇ ਬਾਰੰਬਾਰ ਪਰਸਨ ਕਰਿ ਇਸ ਰਸਿਕ ਰਸਾਇਣੀ ਪਾਰਸ-ਕਲਾ ਦਾ ਰਿਦੰਤਰਿ ਨੂਰ-ਕਿਰਨੀ ਜ਼ਹੂਰ ਹੋ ਜਾਂਦਾ ਹੈ । ਸ਼ਬਦ ਗੁਰ-ਮੰਤਰ ਦੇ ਜਾਪ-ਸਿਮਰਨ ਦਾ ਇਹ ਨੂਰ-ਕਿਰਨ ਰਸਾਇਣੀ ਜ਼ਹੂਰ ਅੰਤਰਿ ਆਤਮੇ, ਅਜਿਹਾ ਸਰੂਰ-ਰਹੱਸ ਆਸ਼ਕਾਰ ਕਰ ਦੇਂਦਾ ਹੈ ਜਿਸ ਦੇ ਪ੍ਰਭਾਵ ਕਰਿ ਸੁਰਤਿ ਆਪਣੇ ਆਪ ਹੀ ਅਮਿਉ ਰਸਾਇਣੀ ਸ਼ਬਦ ਗੁਰਮੰਤਰ ਦੇ ਅਭਿਆਸ ਵਿਚ ਟਿਕ ਜਾਂਦੀ ਹੈ । ਇਹੋ ਸ਼ਬਦ ਸੁਰਤਿ ਦਾ ਅਗੰਮੀ ਗੁਰਮਤਿ ਨਿਰਣਾ ਹੈ ।** ਸ਼ਬਦ ਸੁਰਤਿ ਦੀ ਇਹ ਗੁਰਮਤਿ ਜੁਗਤਿ-ਬਿਧੀ ਕੇਵਲ ਗੁਰੂ ਘਰ ਦੇ ਗੁਰਮੁਖ ਜਨਾਂ ਨੂੰ ਹੀ ਪ੍ਰਾਪਤ ਹੈ ਅਤੇ ਗੁਰਮਤਿ ਨਾਮ ਦੇ ਦ੍ਰਿੜ੍ਹ ਵਿਸ਼ਵਾਸੀ ਅਭਿਆਸੀ ਜਨਾਂ ਨੂੰ ਹੀ ਸੀਨਾ ਬਸੀਨਾ ਪੂਰਨ ਪੰਚਾਮ੍ਰਿਤ ਗੁਰਮਤਿ ਬਿਧੀ ਅਨੁਸਾਰ ਹੀ ਸਫੁਰਨ ਹੋ ਸਕਦੀ ਹੈ । ਸ਼ਬਦ **ਸੁਰਤਿ ਦੇ ਅਭਿਆਸੀ ਜਨਾਂ ਨੂੰ ਕਿਸੇ ਹੋਰ**


www.AKJ.Org

**ਅਰਥ-ਮੂਰਤੀ ਪਰ ਧਿਆਨ ਜਮਾਉਣ ਵਿਚ ਬਾਹਯ-ਮੁਖੀ ਹੋਣ ਦੀ ਲੋੜ ਨਹੀਂ । ਨਾਮ, ਗੁਰਮਤਿ ਨਾਮ ਦੇ ਅਭਿਆਸੀ ਪ੍ਰੇਮੀਆਂ ਨੇ ਪ੍ਰੀਤਮ ਨਾਮੀ ਦੇ ਮਿਲਣ ਸੰਦੀ ਪਿਰਮ ਪ੍ਰੀਤ ਨੂੰ ਹਿਰਦੇ ਵਿਚ ਧਾਰ ਕੇ ਗੁਰੂ ਆਸਰੇ ਨਾਮ ਜਪਣ ਵਿਚ ਜੁਟ ਜਾਣਾ ਹੈ ਅਤੇ ਨਾਮ ਜਪਦੇ ਹੋਏ ਧਿਆਨ-ਸੁਰਤੀ ਗੁਰ-ਮੂਰਤ ਗੁਰ-ਸ਼ਬਦ (ਗੁਰ-ਮੰਤਰ) ਵਿਖੇ ਹੀ ਰਖਣੀ ਹੈ ।**

ਪ੍ਰਿਥਮ ਪ੍ਰਿਥਮ ਸ਼ਬਦ-ਜਾਪ ਦੀ ਅਰੰਭ ਅਵਸਥਾ ਵਿਖੇ ਸੁਰਤੀ ਨੂੰ ਮੋੜ ਮੋੜ ਕੇ ਗੁਰਸ਼ਬਦ (ਗੁਰਮੰਤਰ) ਦੇ ਜਾਪ ਵਿਖੇ ਜੋੜਨ ਦਾ ਕਿੰਰਤ ਮਾਤਰੀ ਯਤਨ ਗੁਰ-ਨਦਰ ਮੋਹਰੀ ਅੰਕੂਰ ਉਪਜਾਉਂਦਾ ਹੈ ਕਿ ਗੁਰੂ ਰੂਪ ਗੁਰ-ਸ਼ਬਦ (ਗੁਰਮੰਤਰ) ਆਪਣੀ ਪਾਰਸ ਕਲਾ ਵਰਤਾ ਕੇ ਅਭਿਆਸੀ ਜਨ ਨੂੰ "ਕੋਟ ਪੈਂਡਾ ਆਗੈ ਹੋਇ ਲੇਤ ਹੈ"। ਕੇਵਲ ਕਿੰਚਤ ਕਾਲ ਹੀ ਸਿਲ ਅਲੂਣੀ ਚਟਣੀ ਪੈਂਦੀ ਹੈ, ਫਿਰ ਤਾਂ ਆਪੋਂ ਹੀ ਗੁਰਸ਼ਬਦ ਨੇ ਆਪਣੀ ਅੰਮ੍ਰਿਤ-ਕਲਾ ਵਰਤਾ ਕੇ ਅਭਿਆਸੀ ਜਨ ਨੂੰ ਸ਼ਬਦ-ਸੁਰਤਾ, ਸ਼ਬਦ-ਰਸੀਆ ਬਣਾ ਦੇਣਾ ਹੈ । ਏਸ ਕਰਕੇ ਤਾਂ ਗੁਰਸ਼ਬਦ, ਗੁਰਮਤਿ ਨਾਮ ਮੰਤਰ ਰੂਪ ਹੈ । ਮੰਤਰ ਦਾ ਜਾਪ ਸਿਮਰਨ ਜੇ ਅੰਮ੍ਰਿਤ ਕਲਾ, ਪਾਰਸ ਕਲਾ ਨਾ ਵਰਤਾਏ ਤਾਂ ਮੰਤਰ ਕਾਹਦਾ ? ਗੁਰੂ ਘਰ ਦੇ ਸ਼ਬਦ ਸੁਰਤਿ ਦੀ ਇਹ ਵਿਲੱਖਣ ਖੇਡ ਹੈ । ਗੁਰਮਤਿ ਸ਼ਬਦ-ਸੁਰਤਿ-ਭਗਤਿ-ਜੁਗਤਿ ਤੋਂ ਘੁਥੇ ਜੋਗੀ ਜਨਾਂ ਦੇ ਜੋਗ ਕਿਸੇ ਲੇਖੇ ਨਹੀਂ ਪੈਂਦੇ । ਗੁਰਮਤਿ ਨਾਮ ਬਿਨਾਂ ਸਚਾ ਜੋਗ ਹੋ ਹੀ ਨਹੀਂ ਸਕਦਾ ।

ਯਥਾ ਗੁਰਵਾਕ—

> ਨਾਮੇ ਨਾਮਿ ਰਹੈ ਬੈਰਾਗੀ ਸਾਚੁ ਰਖਿਆ ਉਰਿਧਾਰੇ ॥ ਨਾਨਕ ਬਿਨੁ ਨਾਵੈ ਜੋਗੁ ਕਦੇ ਨ ਹੋਵੈ ਦੇਖਹੁ ਰਿਦੈ ਬੀਚਾਰੇ ॥੬੮॥...... ਸਬਦੈ ਕਾ ਨਿਬੇੜਾ ਸੁਣਿ ਤੂ ਅਉਧੂ ਬਿਨੁ ਨਾਵੈ ਜੋਗੁ ਨ ਹੋਈ ॥ ਨਾਮੇ ਰਾਤੇ ਅਨਦਿਨੁ ਮਾਤੇ ਨਾਮੈ ਤੇ ਸੁਖੁ ਹੋਈ ॥ ਨਾਮੈ ਹੀ ਤੇ ਸਭੁ ਪਰਗਟੁ ਹੋਵੈ ਨਾਮੇ ਸੋਝੀ ਪਾਈ ॥ ਬਿਨੁ ਨਾਵੈ ਭੇਖ ਕਰਹਿ ਬਹੁਤੇਰੇ ਸਚੈ ਆਪਿ ਖੁਆਈ ॥ ਸਤਿਗੁਰ ਤੇ ਨਾਮੁ ਪਾਈਐ ਅਉਧੂ ਜੋਗ ਜੁਗਤਿ ਤਾ ਹੋਈ ॥ ਕਰਿ ਬੀਚਾਰੁ ਮਨਿ ਦੇਖਹੁ ਨਾਨਕ ਬਿਨੁ ਨਾਵੈ ਮੁਕਤਿ ਨ ਹੋਈ ॥੭੨॥

[ਰਾਮਕਲੀ ਮ: ੧, ਸਿਧ ਗੋਸਟਿ, ੯੪੬

ਇਸ ਗੁਰ ਪ੍ਰਮਾਣ ਦੇ ਸਾਰ ਤਤ ਤੋਂ ਇਹ ਗੱਲਾਂ ਸਾਫ਼ ਸਪੱਸ਼ਟ ਹੁੰਦੀਆਂ ਹਨ ਕਿ ਨਾਮ ਬਿਨਾਂ ਜੋਗ ਕਦੰਤ ਨਹੀਂ ਹੋ ਸਕਦਾ ਅਤੇ ਨਾ ਹੀ ਨਾਮੋਂ ਘੁਥੇ ਜੋਗ ਦਾ ਕੁਛ ਨਿਘਾਸ ਹੈ । ਨਾਮ ਦੁਆਰਾ ਹੀ ਨਾਮ ਵਿਚ ਲਿਵ ਲਗਦੀ ਹੈ । ਨਾਮ ਵਿਚ ਰਤੇ ਰਹਿਣ ਕਰਕੇ, ਅਤੇ ਦਿਨ ਰਾਤ ਨਾਮ ਵਿਚ ਹੀ ਰਤੇ ਰਹਿਣ ਕਰਕੇ ਹੀ ਸਚੇ ਸੁਖ ਦੀ ਪ੍ਰਾਪਤੀ ਹੁੰਦੀ ਹੈ । ਜੋਗੀਆਂ ਦੇ ਨਾਮੋਂ ਸਖਣੇ ਜੋਗ ਦੁਆਰਾ ਕੁਛ ਨਹੀਂ ਬਣਦਾ ਅਤੇ ਸਚੇ ਸੁਖ ਦੀ ਕੱਖ ਭੀ ਪ੍ਰਾਪਤ ਨਹੀਂ ਹੁੰਦੀ । ਨਾਮ ਤੋਂ ਹੀ ਸਭ ਗੁਪਤ ਖੇਡ ਵਾਲਾ ਅਲੱਖ ਨਜ਼ਾਰਾ ਲਖਿਆ ਜਾਂਦਾ ਹੈ ਅਤੇ ਨਾਮ ਤੋਂ ਹੀ ਅਕਾਲ ਪੁਰਖ ਦੇ ਅਲੱਖ ਸਰੂਪ ਦੀ ਲਖਤਾ (ਸੱਚੀ ਸੋਝੀ) ਹੁੰਦੀ ਹੈ । ਨਾਮ ਤੋਂ ਬਿਨਾਂ ਬਥੇਰੇ ਭੇਖ ਜੋਗ ਕਰਿ ਭ੍ਰਮਦੇ ਫਿਰਦੇ ਹਨ । ਨਾਮ ਕੇਵਲ ਸਤਿਗੁਰੂ ਤੋਂ ਹੀ ਪ੍ਰਾਪਤ ਹੁੰਦਾ ਹੈ ਤਦ, ਕੇਵਲ ਤਦ ਹੀ ਸਚੇ ਜੋਗ ਦੀ ਤੱਤ ਜੁਗਤਿ ਪ੍ਰਾਪਤ ਹੁੰਦੀ ਹੈ । ਨਾਮ ਤੋਂ ਬਿਨਾਂ ਨਾ ਹੀ ਜੋਗ ਜੁਗਤਿ ਅਤੇ ਨ ਹੀ ਭਗਤਿ ਮੁਕਤਿ ਮਿਲਦੀ ਹੈ । ਇਹ ਉਪਰਲੇ ਗੁਰ ਪ੍ਰਮਾਣ ਦਾ ਤਤ ਸਿਧਾਂਤ ਹੈ, ਜਿਸ ਤੋਂ ਸ਼ਬਦ-ਮਾਰਗੀ ਤੱਤ ਯੋਗ ਦਾ ਸੱਚ ਨਿਬੇੜਾ ਹੁੰਦਾ ਹੈ ।

['ਗੁਰਮਤਿ ਰਮਜ਼ਾਂ' ਵਿਚੋਂ ਧੰਨਵਾਦ ਸਹਿਤ

---

**ਪਾਠਕ ਜੀ :—**(੧) ਚਿੱਠੀ ਪੱਤਰ ਕਰਨ ਲਗਿਆਂ ਤੇ ਮਨੀਆਰਡਰ ਭੇਜਣ ਸਮੇਂ ਆਪਣਾ ਚਿਟ ਨੰਬਰ ਜ਼ਰੂਰ ਲਿਖੋ । (੨) ਜੇ ਪਰਚਾ ਅੱਧ ਮਹੀਨੇ ਤਕ ਵੀ ਨਾ ਪੁਜੇ ਤਾਂ ਦੁਬਾਰਾ ਭੇਜਣ ਲਈ ਲਿਖ ਦਿਓ ।



www.AKJ.Org

# ਜਮ ਤੇ ਜਮਪੁਰੀ (੩)

[ਵਲੋਂ:—ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]

ਇਸੁ ਜੁਗ ਮਹਿ ਨਿਰਭਉ ਹਰਿਨਾਮੁ ਹੈ, ਪਾਈਐ ਗੁਰ ਵੀਚਾਰਿ ॥ ਬਿਨੁ ਨਾਵੈ ਜਮ ਕੈ ਵਸਿ ਹੈ, ਮਨਮੁਖਿ ਅੰਧ ਗਵਾਰਿ ॥੨॥

[ਆਸਾ ਮ: ੩, ਪੰਨਾ ੩੬੫

ਵਾਹਿਗੁਰੂ ਨਾਮ ਅਨਿਕ ਤੁੰਗੀ ਜਪਿਆ ਹੋਇਆ ਅਤੇ ਗੁਰਮਤੀ ਸਲਾਹਿਆ ਹੋਇਆ ਜਮ ਕੰਕਰ ਅਤੇ ਮਹਾਂ ਕਾਲ ਨੂੰ ਮਾਰਨ ਲਈ ਸਮਰਥ ਹੈ। ਯਥਾ ਗੁਰਵਾਕ :—

ਹਰਿ ਹਰਿ ਨਾਮੁ ਜਪਿ ਅਨਤ ਤਰੰਗਾ ॥
ਜਪਿ ਜਪਿ ਨਾਮੁ ਗੁਰਮਤਿ ਸਾਲਾਹੀ,
ਮਾਰਿਆ ਕਾਲੁ ਜਮਕੰਕਰੁ ਭੁਇਅੰਗਾ ॥

[ਆਸਾ ਮ: ੪, ਪੰਨਾ ੩੬੭

ਤਾਂ ਤੇ ਜਮ ਕੰਕਰ ਦੀ ਹੋਂਦ ਵਲੋਂ ਅੱਖਾਂ ਮੀਚ ਕੇ, ਮੁਨਕਰ ਹੋਇਆਂ ਨਹੀਂ ਸਰਨਾ। ਨਾ ਹੀ ਕੋਈ ਸੁਬੇਹਤਾ ਹੋਣਾ ਹੈ, ਇਹ ਸਮਝ ਕੇ ਕਿ ਇਹ ਗੱਲਾਂ ਸਭ ਕਲਪਤ ਹਨ। ਨਾਮ ਤੋਂ ਬੇਮੁਖ ਹੋ ਕੇ ਮਾਇਆ ਮੋਹ ਦੇ ਅਧੀਨ ਹੋ ਹੋ ਕੇ, ਪਾਪ ਕਰਮ ਕਰੀ ਜਾਣਾ, ਨਿਸਚਿੰਤ ਹੋ ਕੇ, ਅਗੇ ਸਜ਼ਾ ਤਾਂ ਮਿਲਣੀ ਹੀ ਨਹੀਂ, ਨਾ ਕੋਈ ਮੈਨੂੰ ਅਗੇ ਜਮ ਦਾ ਡਰ ਹੈ, ਐਸ਼ ਲਵੋ, ਮੌਜਾਂ ਮਾਣੋ। ਇਉਂ ਕਹਿ ਕੇ ਜਿਹੜੇ ਪੁਰਸ਼ ਨਿਰਭੈ ਹੋ ਕੇ ਪਾਪ ਕਰਮ ਕਰੀ ਜਾਂਦੇ ਹਨ ਉਨ੍ਹਾਂ ਦਾ ਇਹ ਗੁਮਾਨ ਉਤਰ ਜਾਇਗਾ।

ਦਸੋ ਬਈ ਮਨਮੁਖਾਂ ਦੀਆਂ ਕਲਪਨਾਂ ਨੂੰ ਪਕ ਜਾਣੀਏ ਕਿ ਸਤਿਗੁਰੂ ਦੇ ਵ ਕਾਂ ਨੂੰ ਸ ਤਿ-ਸਤਿ ਕਰ ਮੰਨੀਏ। ਸਤਿਗੁਰ ਦੇ ਬਚਨ ਸਤ ਹੋ ਕੇ ਰਹਿਣੇ ਹਨ। ਸੱਚ ਵਰਤਾਰਾ ਅਗੇ ਜਾ ਕੇ ਸਤਿਗੁਰੂ ਦੇ ਵਾਕਾਂ ਅਨੁਸਾਰ ਹੀ ਹੋਣਾ ਹੈ। ਸਤਿਗੁਰ-ਵਾਕਾਂ ਦੀ ਦਰਸਾਈ ਹੋਈ ਜਮਕੰਕਰੀ ਖੇਲ ਮਨਮੁਖਾਂ ਤੇ ਵਰਤ ਕੇ ਰਹਿਣੀ ਹੈ, ਕਦੇ ਟਲਣੀ ਨਹੀਂ। ਮੱਤ ਕੋਈ ਭਰਮ ਭੁਲਾਂ ਚੋਟਾਂ ਖਾਵੇ। ਨਾਮ ਤੇ ਨਾਮੀ ਅਭੇਦ ਹੋਣ ਕਰਕੇ ਵਾਹਿਗੁਰੂ ਨਾਮ ਜਪਣ ਸਮੇਂ, ਵਾਹਿਗੁਰੂ ਸਚਾ ਪਾਤਸ਼ਾਹ, ਵਾਹਿਗੁਰੂ-ਨਾਮ-ਸਿਮਰਨਹਾਰੇ ਗੁਰਮੁਖ ਜਨ ਦੇ ਸੰਗਿ ਸਾਥ ਵਸਦਾ ਹੈ। ਅਤੇ ਸਚਾ ਸਗੀ ਸਾਥੀ ਹੋਣ ਦਾ ਫ਼ਖ਼ਰ ਬਖ਼ਸ਼ਦਾ ਹੈ। ਨਾਮ-ਸਿਮਰਨ-ਹਾਰੇ ਨੂੰ ਇਕੱਲ ਕਦੇ ਪਰਤੀਤ ਨਹੀਂ ਹੁੰਦੀ। ਉਹ ਇਕੱਲਾ ਕਦੇ ਰਹਿੰਦਾ ਹੀ ਨਹੀਂ, ਨਿਰਜਨ-ਬਨ ਅਤੇ ਉਜਾੜ ਬੀਆਬਾਨ ਵਿਚ ਭੀ ਵਾਹਿਗੁਰੂ ਆਪਣੇ ਜਨ ਦਾ ਸਦਾ ਸਾਥੀ ਅਤੇ ਸੰਗੀ ਸਹਾਈ ਰਹਿੰਦਾ ਹੈ। ਚਾਹੇ ਦੁਖ ਅਪਦਾ ਸਿਰ ਤੇ ਆਵੇ, ਚਾਹੇ ਸੁਖ ਸੰਪਤ ਦੀਆਂ ਮੌਜਾਂ ਸੌਜਾਂ ਬਣੀਆਂ ਹੋਈਆਂ ਹੋਣ। ਵਾਹਿਗੁਰੂ ਦਾ ਅਨਿੰਨ ਭਗਤ ਜਨ ਸਿਮਰਨ ਵਲੋਂ ਮੂਹ ਨਹੀਂ ਮੋੜਦਾ। ਗੁਰਮਤਿ ਨਾਮ ਅਭਿਆਸੀ, ਕਮਾਈ ਵਿਚ ਹੀ ਜੁਟਿਆ ਰਹਿੰਦਾ ਹੈ, ਚਾਹੇ ਦੁਖ ਦਾ ਸਮਾ ਹੋਵੇ ਚਾਹੇ ਸੁਖ ਦਾ। ਦੁਖ ਸੁਖ ਵਿਚ ਸਿਮਰਿਆਂ ਵਾਹਿਗੁਰੂ ਸੰਗਿ ਹਰ ਥਾਂ ਮੌਜੂਦ ਰਹਿੰਦਾ ਹੈ। ਤਾਂ ਤੋ ਵਾਹਿਗੁਰੂ-ਨਾਮ-ਸਿਮਰਨਹਾਰੇ ਨੂੰ ਬਪੁੜਾ ਜਮ ਡਰਾ ਨਹੀਂ ਸਕਦਾ, ਨਾ ਐਥੇ (ਇਸ ਲੋਕ ਵਿਖੇ) ਨਾ ਅਗੇ (ਪਰਲੋਕ ਵਿਖੇ)। ਡਰਾਉਣਾ ਤਾਂ ਕੀ ਸੀ, ਨੇੜੇ ਹੀ ਨਹੀਂ ਆ ਸਕਦਾ। ਯਥਾ ਗੁਰਵਾਕ—

ਹਰਿ ਮੇਰਾ ਸਾਥੀ ਸੰਗਿ ਸਖਾਈ ॥ ਦੁਖਿ ਸੁਖਿ ਸਿਮਰੀ ਤਹ ਮਉਜੂਦੁ ਜਮੁ ਬਪੁਰਾ ਮੋਕਉ ਕਹ ਡਰਾਈ ॥੧॥ਰਹਾਉ॥

[ਆਸਾ ਮ: ੫, ਪੰਨਾ ੩੭੫

ਜਮ ਹੈ ਤਾਂ ਸਹੀ। ਨਾਮ ਜਪਣਹਾਰੇ ਗੁਰਮੁਖਾਂ ਦੇ ਨੇੜੇ ਨਹੀਂ ਆਉਂਦਾ। ਮਨਮੁਖਾਂ ਬੇਮੁਖਾਂ ਨੂੰ ਡਰਾਉਂਦਾ ਹੈ। ਅਨਿਕ ਪ੍ਰਕਾਰ ਸਤਾਉਂਦਾ ਹੈ। ਸਿਵਾਏ ਨਾਮ ਸਿਮਰਨਹਾਰਿਆਂ ਦੇ ਹੋਰ ਕਿਸੇ ਦਾ ਖਹਿੜਾ ਨਹੀਂ ਛਡਦਾ। ਨਾਮ ਦਾ ਬੜਾ ਪਰਤਾਪ ਹੈ। ਤਾਂ ਤੇ ਜਿਸ ਨਾਮ-ਸਿਮਰੇ ਤੋਂ ਜਮ ਤੋਂ ਛੁਟਕਾਰਾ ਹੁੰਦਾ ਹੈ (ਜੋ ਨਾਮ-ਸਿਮਰਨਹਾਰੇ ਗੁਰਮੁਖ ਨਾ ਬਣਦੇ ਕਦੇ ਨਾ ਹੁੰਦਾ) ਐਸੇ ਹਲਤ ਪਲਤ ਲੋਕ ਪਰਲੋਕ



www.AKJ.Org

ਵਿਖੇ ਸਦਾ ਸੁਖ ਪਾਈਦਾ ਹੈ । ਐਸੇ ਨਾਮ ਦਾ ਸਾਸਿ ਗਿਰਾਸਿ ਰਸਨਾ ਕਰਕੇ ਅਜਪਾ ਜਾਪ ਕਰਨਾ, ਕਰੀ ਜਾਣਾ (ਜਾਰੀ ਰਖਣਾ) ਚਾਹੀਦਾ ਹੈ ਅਤੇ ਨਿਤਾ ਨਿਤ ਸਿਫ਼ਤ ਸਾਲਾਹ ਕਰਨ ਵਿਚ ਤਤਪਰ ਹੋਣਾ, ਜੁਟੇ ਰਹਿਣਾ ਲਾਜ਼ਮੀ ਹੈ । ਯਥਾ ਗੁਰਵਾਕ–

ਜਾ ਕੈ ਸਿਮਰਣਿ ਜਮ ਤੇ ਛੁਟੀਐ ਹਲਤਿ ਪਲਤਿ ਸੁਖੁ ਪਾਈਐ ॥ ਸਾਸਿ ਗਿਰਾਸਿ ਜਪਹੁ ਜਪੁ ਰਸਨਾ ਨੀਤ ਨੀਤ ਗੁਣ ਗਾਈਐ ॥੨॥ [ਆਸਾ ਮ: ੫, ਪੰਨਾ ੩੯੨

ਜਿਨ੍ਹਾਂ ਜਨਾਂ ਦਾ ਆਹਰ ਤੇ ਅਹਾਰ ਹੀ ਦਿਨ ਰਾਤ ਹਰਿ-ਕੀਰਤਨ ਗਾਵਣ ਦਾ ਹੈ, ਤਿਨ੍ਹਾਂ ਜਨਾਂ ਨੂੰ ਜਮ ਦੀ ਵਾਟੇ ਨਹੀਂ ਪੈਣਾ ਪੈਂਦਾ । ਯਥਾ ਗੁਰਵਾਕ–

ਦਿਨਸੁ ਰੈਨਿ ਹਰਿ ਕੀਰਤਨੁ ਗਾਈਐ ॥
ਸੋ ਜਨੁ ਜਮ ਕੀ ਵਾਟ ਨਾ ਪਾਈਐ ॥੩॥
[ਆਸਾ ਮ: ੫, ਪੰਨਾ ੩੯੬

ਇਸ ਪਦ ਦੀ ਪ੍ਰਾਪਤੀ ਤੋਂ ਸਖਣੇ ਤਾਂ ਜ਼ਰੂਰ ਜਮ ਕੀ ਵਾਟ ਪਾਈਦੇ ਹਨ । ਜਮ ਹੋਇਆ ਨਾ ! ਤਦੇ ਤਾਂ ਜਮ ਦੀ ਵਾਟ ਆਖੀ ਗਈ ਹੈ । ਜਿਨ੍ਹਾਂ ਜਨਾਂ ਗੁਰਮੁਖਾਂ ਭਗਤਾਂ ਦੀ ਵਾਹਿਗੁਰੂ ਅਤੇ ਵਾਹਿਗੁਰੂ ਨਾਮ ਨਾਲ ਸਚੀ ਹਿਰਦੇ ਦੀ ਪ੍ਰੀਤ ਹੈ ਉਹ ਸਹਿਲ ਹੀ ਇਸ ਭਵ-ਸਾਗਰ ਨੂੰ ਤਰ ਜਾਂਦੇ ਹਨ । ਅਤੇ ਉਨ੍ਹਾਂ ਨੂੰ ਜਮ ਦਾ ਡਰ ਉੱਕਾ ਹੀ ਨਹੀਂ ਰਹਿੰਦਾ । ਯਥਾ ਗੁਰਵਾਕ :–

ਪ੍ਰਭ ਕੀ ਪ੍ਰੀਤਿ ਇਹੁ ਭਵਜਲੁ ਤਰੈ ॥
ਪ੍ਰਭ ਕੀ ਪ੍ਰੀਤਿ ਜਮ ਤੇ ਨਹੀ ਡਰੈ ॥
[ਆਸਾ ਮ: ੫, ਪੰਨਾ ੩੯੧

ਇਸ ਪ੍ਰੀਤੀਓਂ ਸਖਣਾ ਮਨਮੁਖ ਹੀ ਜਮ ਤੋਂ ਡਰਦਾ ਹੈ । ਪ੍ਰੀਤਵਾਨ ਗੁਰਮੁਖ ਜਨ ਨੂੰ ਜਮ ਦਾ ਡਰ ਕਾਹਦਾ ਹੈ । ਜਮ ਦੀ ਹੋਂਦ ਤਾਂ ਸਿਧ ਹੋਈ ਨਾ ! ਬਾਕੀ ਰਿਹਾ ਸਵਾਲ ਡਰਨ ਨਾ ਡਰਨ ਦਾ । ਸੋ ਮਨਮੁਖਤਾ ਤੇ ਗੁਰਮੁਖਤਾ ਤੇ ਨਿਰਭਰ ਹੈ । ਅਗਲਾ ਗੁਰਵਾਕ ਇਸ ਵਿਤਕਰੇ ਨੂੰ ਖ਼ੂਬ ਨਿਰਣੇ ਕਰਦਾ ਹੈ । ਯਥਾ ਗੁਰਵਾਕ–

ਜਿਹਿ ਪੈਡੈ ਲੂਟੀ ਪਨਿਹਾਰੀ ॥ ਸੋ ਮਾਰਗੁ ਸੰਤਨ ਦੂਰਾਰੀ ॥੧॥ ਸਤਿਗੁਰ ਪੂਰੈ ਸਾਚੁ ਕਹਿਆ ॥ ਨਾਮ ਤੇਰੇ ਕੀ ਮੁਕਤੇ ਬੀਥੀ ਜਮ ਕਾ ਮਾਰਗੁ ਦੂਰਿ ਰਹਿਆ ॥
[ਆਸਾ ਮ: ੫, ਪੰਨਾ ੩੯੩

ਭਾਵ, ਜਿਸ ਜਮ ਦੇ ਮਾਰਗ ਵਿਚ ਠੇਹਲੀ ਹੋਈ ਜੀਵ ਰੂਪ ਕੁਮਾਰਗਣ ਕੁਸੰਗਣ ਸਾਕਤ ਇਸਤ੍ਰੀ ਜਮਾਂ ਦੇ ਹਥੋਂ ਲੁੱਟੀ-ਖਸੁਟੀ ਅਤੇ ਖੋਹੀ-ਘਸੀਟੀ ਜਾਂਦੀ ਹੈ, ਉਹ ਮਾਰਗ ਹੀ ਗੁਰੂ ਘਰ ਦੇ ਗੁਰਮੁਖ ਸੰਤ ਜਨਾਂ ਨੂੰ ਦੂਰ ਦੁਰੇਡੇ ਰਹਿ ਜਾਂਦਾ ਹੈ । ਜਿਸ ਪਾਸੇ ਹਰਿ ਕੇ ਲੋਕ, ਪਰਲੋਕ ਨੂੰ ਸਿਧਾਰਦੇ ਹਨ ਉਸ ਪਾਸੇ ਜਮ ਨੇੜੇ ਹੀ ਨਹੀਂ ਆਉਂਦੇ । ਪੂਰੇ ਸਤਿਗੁਰੂ ਨੇ ਇਹ ਕਥਨ ਸਾਚ ਹੀ ਕਹਿਆ ਅਤੇ ਸਾਚ ਹੀ ਉਚਾਰਿਆ ਹੈ ਕਿ ਵਾਹਿਗੁਰੂ ਦੇ ਨਾਮ ਦੀ ਅਤੇ ਨਾਮ ਵਾਲਿਆਂ ਦੀ ਗਲੀ ਮੋਕਲੀ ਅਤੇ ਮੁਕਤੋਕਲੀ ਹੈ । ਉਸ ਗਲੀ ਤੂੰ ਜਮ ਦਾ ਮਾਰਗ ਬਹੁਤ ਦੂਰ ਰਹਿ ਜਾਂਦਾ ਹੈ । ਅਰਥਾਤ ਨਾਮ ਜਪਣ ਵਾਲੇ ਉਸ ਗਲੀ ਪਾਏ ਹੀ ਨਹੀਂ ਜਾਂਦੇ, ਜਿਹੜੀ ਜਮ-ਮਾਰਗੀ ਗਲੀ ਹੈ । ਨਾਮ ਦੀ ਗਲੀ ਮੁਕਤਿ ਵਿਲੱਖਣੀ ਗਲੀ ਹੈ । ਜਮ ਦੀ ਅੱਤ ਭੀੜੀ-ਤੀੜੀ ਗਲੀ ਏਸ ਮਾਰਗੋਂ ਬਹੁਤ ਦੂਰ ਰਹਿ ਜਾਂਦੀ ਹੈ । ਜਮ ਮਾਰਗ ਮੁਕਤੀ-ਮਾਰਗ ਤੋਂ ਬਹੁਤ ਹੀ ਦੁਰੇਡਾ ਰਹਿ ਜਾਂਦਾ ਹੈ । ਇਹ ਗੱਲ ਪੂਰੇ ਸਤਿਗੁਰੂ ਨੇ ਸਤਿ-ਸਤਿ ਹੀ ਭਾਖੀ ਹੈ । ਮਤ ਕੋਈ ਖ਼ਿਆਲ ਕਰੇ ਕਿ ਜਮ ਅਤੇ ਜਮ-ਮਾਰਗੀ ਗਲੀ ਐਵੇਂ ਖ਼ਿਆਲੀ ਅਤੇ ਕੂੜ ਕਲਪਣੀ ਗੱਲ ਹੀ ਹੈ । ਸਚਿਆਰ ਸਿਖਾਂ ਨੂੰ ਪੂਰੇ ਵਾਹਿਗੁਰੂ ਦੀ ਆਖੀ ਇਸ ਸਚੀ ਗੱਲ ਤੇ ਪੂਰਾ ਤੇ ਸੱਚਾ ਭਰੋਸਾ ਹੈ । ਮਨਮੁੱਖਾਂ ਨੂੰ ਪਿਆ ਨਾ ਹੋਵੇ । ਨਾ ਹੋਵੇ ਤਾਂ ਕੀ ਕਰੀਏ ? ਪਏ ਰੋਣ ਆਪਣੇ ਕਰਮਾਂ ਨੂੰ ।

ਵਾਹਿਗੁਰੂ ਦੇ ਦਰ ਪਰਵਾਨ ਪਏ, ਭਾਅ ਗਏ ਗੁਰਸਿਖਾਂ ਦੇ ਜਮ ਨੇੜੇ ਨਹੀਂ ਆਉਂਦਾ । ਚੰਗੇ ਮਾੜੇ ਸਗਨ ਬਦ-ਸਗਨ ਭੀ ਤਿਸ ਮਨਮੁੱਖ ਨੂੰ ਹੀ ਲਗਦੇ ਹਨ ਜਿਸਦੇ ਵਾਹਿਗੁਰੂ ਨਾਮ ਚਿਤ ਨਹੀਂ ਆਉਂਦਾ । ਯਥਾ ਗੁਰਵਾਕ :–

ਸਗਨ ਅਪਸਗਨ ਤਿਸ ਕਉ ਲਗਹਿ ਜਿਸੁ



www.AKJ.Org

ਚੀਤਿ ਨ ਆਵੈ ॥ ਤਿਸੁ ਜਮੁ ਨੇੜਿ ਨ ਆਵਈ ਜੋ ਹਰਿ ਪ੍ਰਭਿ ਭਾਵੈ ॥੨॥

[ਆਸਾ ਮ: ੫, ਪੰਨਾ ੪੦੧

ਅਗੇ ਦਸਦੇ ਹਨ ਕਿ ਰਾਹੂ ਕੇਤੂ ਆਦਿਕ ਗ੍ਰਹਿ ਭੀ ਤਿਸ ਦੇ ਨਿਵਾਰੇ ਜਾਂਦੇ ਹਨ ਜਿਨ੍ਹਾਂ ਨੂੰ ਵਾਹਿਗੁਰੂ ਆਪਣਾ ਨਾਉਂ ਦਿੰਦਾ ਹੈ। ਹਰਿ-ਕੀਰਤਨ ਗਾਇਆਂ ਸੁਖ ਸਹਿਜ ਅਤੇ ਘਣਾ ਅਨੰਦ ਪ੍ਰਾਪਤ ਹੁੰਦਾ ਹੈ। ਯਥਾ ਗੁਰਵਾਕ :–

ਸੂਖ ਸਹਜ ਆਨੰਦ ਘਣਾ ਹਰਿ ਕੀਰਤਨੁ ਗਾਉ ॥ ਗਰਹ ਨਿਵਾਰੇ ਸਤਿਗੁਰੂ, ਦੇ ਆਪਣਾ ਨਾਉ ॥੧॥

[ਆਸਾ ਮ: ੫, ਪੰਨਾ ੪੦੦

ਧੰਨ ਗੁਰਸਿਖੀ ! ਆਨਮਤੀ ਨੂੰ ਗ੍ਰਹਿ ਗ੍ਰਸਦੇ ਹਨ ਅਤੇ ਸਗਨ ਅਪਸਗਨ ਲਗਦੇ ਹਨ, ਗੁਰਸਿਖਾਂ ਦੇ ਨੇੜ ਤਕ ਨਹੀਂ ਆਉਂਦੇ।

ਓਹ ਵਿਰਲੇ ਜਨ ਹਨ ਜਿਨ੍ਹਾਂ ਅੰਦਰ ਗੁਰਮਤਿ ਘਰ ਕਰ ਕੇ ਵਸ ਗਈ ਹੈ। ਜਿਨ੍ਹਾਂ ਦੀ ਸਾਰੀ ਜਿੰਦਕ੍ਰਾਂਤ ਨਾਮ ਰਸ ਨਾਲ ਰਸ ਗਈ ਹੈ ਤਿਨ੍ਹਾਂ ਦੇ ਘਟਾਂ ਅੰਤਰ ਨਾਮ-ਰਸ ਐਸਾ ਸੰਚੀਰਨ ਹੋਇਆ ਹੈ ਕਿ ਤਿਨ੍ਹਾਂ ਦੇ ਨਾਭਿ ਕੰਵਲ ਪਰਗਾਸ ਹੋ ਗਏ ਹਨ। ਬਸ ਐਸੇ ਰਿਦਿ ਨਾਮ ਪਰਗਾਸੀਆਂ ਨੂੰ ਜਮ ਦੀ ਤ੍ਰਾਸ ਨਹੀਂ। ਹੋਰ ਸਾਰੀ ਲੁਕਾਈ ਜਮ ਦੇ ਚੀਰੇ ਵਿਚ ਹੈ, ਕੇਵਲ ਗੁਰਮੁਖ ਨਾਮ ਪਰਗਾਸੀਆਂ ਦੀ ਹੀ ਜਮ ਤੋਂ ਬੰਦ-ਖਲਾਸੀ ਹੈ। ਯਥਾ ਗੁਰਵਾਕ–

ਗੁਰਮਤੀ ਇਕਿ ਭਏ ਉਦਾਸਾ ॥ ਅੰਤਰਿ ਨਾਮੁ ਕਮਲੁ ਪਰਗਾਸਾ ॥ ਤਿਨ੍ ਕਉ ਨਾਹੀ ਜਮ ਕੀ ਤ੍ਰਾਸਾ ॥੨॥

[ਆਸਾ ਅਸ: ਮ: ੧, ਪੰਨਾ ੪੦੨

ਜਿਹੜੇ ਭਗਤ ਜਨ ਗੁਰਮੁਖ ਪਿਆਰੇ ਨਾਮ ਦੀ ਲਿਵਤਾਰ ਦੀ ਬਹਾਰ ਵਿਚ ਸ਼ਗੁਫ਼ਤਾ ਹੋ ਕੇ ਸਦ ਸਦਾ ਹੀ ਸਾਵਧਾਨ ਰਹਿੰਦੇ ਹਨ, ਜਿਨ੍ਹਾਂ ਰਸ ਜੋਤਿ-ਵਿਗਾਸੀਆਂ ਦੀ ਨਾਮ ਵਿਖੇ ਐਸੀ ਲਿਵ ਲਗੀ ਹੈ, ਤਿਨ੍ਹਾਂ ਨੂੰ ਕਦੇ ਨਿੰਦ੍ਰਾ ਤਦ੍ਰਾ ਨਹੀਂ ਵਿਆਪਦੀ। ਓਹ ਸਦਾ ਹੀ ਸੁਜਾਗ-ਜਾਗਰਤ ਵਿਚ ਹੀ ਰਹਿੰਦੇ ਹਨ। ਤਿਨ੍ਹਾਂ ਦੇ ਨਾ ਜਮਦੂਤ ਨੇੜੇ ਆਉਂਦੇ ਹਨ ਨਾ ਤਿਨ੍ਹਾਂ ਨੂੰ ਜਮਾਂ ਦਾ ਦੁਖ ਵਿਆਪਦਾ ਹੈ। ਵਾਹਿਗੁਰੂ ਭਗਤਾਂ ਦਾ ਪਿਆਰਾ ਅਤੇ ਭਗਤਾਂ ਦੇ ਸੰਗਿ ਸਹਾਈ ਹੈ। ਵਾਹਿਗੁਰੂ ਦੇ ਰੰਗਾਂ ਵਿਚ ਹੀ ਭਗਤ ਜਨ ਰੰਗੇ ਹੋਏ ਜੀਵਨ-ਮੁਕਤ ਪਦ ਨੂੰ ਪ੍ਰਾਪਤ ਹੋਏ ਹਨ। ਤਿਨ੍ਹਾਂ ਨੂੰ ਭਲਾ ਜਮਾਂ ਨੇ ਕੀ ਦੁਖ ਦੇ ਸਕਣਾ ਹੋਇਆ। ਜਮ ਹੈ, ਪਰ ਤਿਨ੍ਹਾਂ ਦੇ ਨੇੜੇ ਨਹੀਂ ਢੁਕਦਾ। ਯਥਾ ਗੁਰਵਾਕ :–

ਨਾ ਜਮਦੂਤ ਦੂਖੁ ਤਿਸੁ ਲਾਗੈ ॥ ਜੋ ਜਨੁ ਰਾਮ ਨਾਮਿ ਲਿਵ ਜਾਗੈ ॥ ਭਗਤਿ ਵਛਲੁ ਭਗਤਾ ਹਰਿ ਸੰਗਿ ॥ ਨਾਨਕ ਮੁਕਤਿ ਭਏ ਹਰਿ ਰੰਗਿ ॥੮॥੯॥

[ਆਸਾ ਮ: ੧, ਪੰਨਾ ੪੧੬

ਅਗਲੀ ਦਰਗਾਹ ਵਿਚ ਨਾਮ-ਹੀਣ ਮਨਮੁਖਾਂ ਨਿਗੁਰੇ ਸਾਕਤਾਂ ਦੀ ਕੋਈ ਪੁਛ ਪਰਤੀਤ ਨਹੀਂ ਹੁੰਦੀ। ਨਾ ਉਹਨਾਂ ਨੂੰ ਆਦਰ ਮਿਲਦਾ ਹੈ। ਪਤਿ ਆਬਰੋ ਉਹਨਾਂ ਦੀ ਕੋਈ ਨਹੀਂ ਰਹਿੰਦੀ। ਉਹ ਜਮਪੁਰੀ ਵਿਚ ਜਮਾਂ ਦੇ ਬਧੇ ਹੋਏ ਮਾਰੀਦੇ ਹਨ, ਕਿਉਂਕਿ ਓਹਨਾਂ ਨੇ ਮਨੁਖਾ ਜਨਮ ਨਾਮ ਬਿਹੂਣਾ ਬਿਰਥਾ ਹੀ ਗਵਾਇਆ ਹੁੰਦਾ ਹੈ। ਉਹਨਾਂ ਦਾ ਇਹ ਹਾਲ ਅਗੇ ਹੋਣਾ ਹੀ ਹੋਇਆ, ਜਮਾਂ ਦੇ ਵਸ ਪੈ ਕੇ। ਅਗਲੇ ਗੁਰਵਾਕ ਅੰਦਰ ਮਨਮੁਖ ਨਾਮ-ਵਿਹੂਣਿਆਂ ਦੀ ਦੁਰਦਿਸ਼ਾ ਇਉਂ ਲਿਖੀ ਹੈ :–

ਮਰਣਾ ਮਨਹੁ ਵਿਸਾਰਿਆ ਮਾਇਆ ਮੋਹੁ ਗੁਬਾਰੁ ॥ ਮਨਮੁਖ ਮਰਿ ਮਰਿ ਜੰਮਹਿ ਭੀ ਮਰਹਿ ਜਮਦਰਿ ਹੋਹਿ ਖੁਆਰੁ ॥੭॥

[ਆਸਾ ਮ: ੩, ਪੰਨਾ ੪੩੦

ਭਾਵ ਮਨਮੁੱਖਾਂ ਉਤੇ ਐਸਾ ਮਾਇਆ-ਮੋਹ ਗੁਬਾਰ ਬਿਆਪਦਾ ਹੈ ਕਿ ਉਹ ਇਹ ਗੱਲ ਸੱਚ ਕਰ ਸਮਝ ਬੈਠਦੇ ਹਨ ਕਿ ਉਹਨਾਂ ਸਦਾ ਹੀ ਜੀਉਂਦੇ ਰਹਿਣਾ ਹੈ, ਕਦੇ ਮਰਨਾ ਨਹੀ। ਮਰਨਾ ਉੱਕਾ ਹੀ ਮਨੋਂ ਵਿਸਾਰ ਦਿਤਾ ਹੈ। ਮਰਨ ਦਾ ਨਾ ਖ਼ਿਆਲ ਨਾ ਭੈ। ਇਸ ਬਿਧਿ ਮੌਤੋਂ ਬੇਖ਼ੌਫ਼ ਹੋ ਕੇ ਉਹ ਪਾਪ-ਕਰਮ ਵਿਚ ਪਰਵਿਰਤ ਰਹਿੰਦੇ ਹਨ, ਨਿਮਖ ਮਾਤਰ ਭੀ



www.AKJ.Org

ਵਾਹਿਗੁਰੂ ਦਾ ਨਾਮ ਨਹੀਂ ਜਪਦੇ। ਵਾਹਿਗੁਰੂ ਉਤੇ ਉਨ੍ਹਾਂ ਦਾ ਵਿਸ਼ਵਾਸ ਹੀ ਨਹੀਂ ਹੁੰਦਾ। ਨਾਮ ਕੀ ਜਪਣਾ ਸੀ। ਨਿਕੋਰੇ ਨਾਸਕਤਾਂ ਵਾਲੀ ਉਹਨਾਂ ਦੀ ਦਸ਼ਾ ਹੁੰਦੀ ਹੈ। ਪਰ ਉਦੋਂ ਹੀ ਪਤਾ ਲਗਦਾ ਹੈ ਜਦੋਂ ਜਮਕਾਲ ਦਾ ਡੰਡਾ ਉਹਨਾਂ ਦੇ ਮੂੰਹ ਤੇ ਲਗਦਾ ਹੈ।

ਬਸ ਫਿਰ ਬਿਲਲਾਉਂਦੇ ਹੀ ਮਰ ਜਾਂਦੇ ਹਨ। ਇਕ ਵਾਰ ਨਹੀਂ ਮਰਦੇ, ਬਾਰੰਬਾਰ ਜਨਮ ਧਾਰਿ-ਧਾਰਿ ਮਰਦੇ ਹਨ। ਜੰਮਦੇ ਹਨ, ਫੇਰ ਮਰ ਜਾਂਦੇ ਹਨ। ਮਰਦੇ ਹਨ, ਫੇਰ ਜੰਮਦੇ ਹਨ। ਭੀ ਮਰਿ ਮਰਿ ਜ਼ਾਰੋ ਜ਼ਾਰ ਰੋਂਦੇ ਹਨ। ਜਮਦਰਿ ਤੇ ਜੋ ਖੁਆਰੀ ਉਹਨਾਂ ਦੀ ਹੁੰਦੀ ਹੈ ਉਹ ਵਖਰੀ ਹੈ, ਜੋ ਕਥੀ ਨਹੀਂ ਜਾਂਦੀ। ਇਉਂ ਮਨਮੁਖਾਂ ਨੂੰ ਜਮਦਰਿ ਖੁਆਰ ਹੁੰਦੇ ਦੇਖਣ ਵਾਲੇ ਤ੍ਰਿਕਾਲ-ਦਰਸੀ ਸਤਿਗੁਰੂ ਸੱਚੀਂ ਅੱਖੀ ਦੇਖੀ ਸ਼ਾਹਦੀ (ਗਵਾਹੀ) ਭਰਦੇ ਹਨ। ਫੇਰ ਭੀ ਜੋ ਪੁਰਸ਼ ਗੁਰੂ ਕੇ ਸਿਖ ਹੋ ਕੇ ਜਮ ਦੀ ਹੋਂਦ ਵਲੋਂ ਮੁਨਕਰ ਹੁੰਦੇ ਹੋਏ ਮੰਨਣ ਤੋਂ ਨਿਸੰਕ ਰਹਿਣ ਤਾਂ ਉਹਨਾਂ ਦੇ ਅਭਾਗ ਹਨ। ਹੋਰ ਕੀ ਕਹਿ ਸਕੀਏ ਜੋ ਕੁਝ ਉਹਨਾਂ ਦੇ ਨਾਲ ਅਗੇ ਜਮਪੁਰੀ ਵਿਚ ਜਾ ਕੇ ਵਰਤੇਗੀ ਉਸ ਦਾ ਤਲਖ਼ ਤਜਰਬਾ ਆਪੇ ਹੀ ਭੁਗਤਣਗੇ। ਵਾਹਿਗੁਰੂ ਦੀ ਸਰਣੀ ਭਜ ਕੇ ਸੋਈ ਵਡਭਾਗੀ ਨਰ ਪੈਂਦੇ ਹਨ ਜੋ ਗੁਰ-ਪ੍ਰਸਾਦੀ ਮਨਮੁਖਤਾ ਦੇ ਗੁਬਾਰ ਤੋਂ ਉਪਰਿ ਉਭਰ ਆਉਂਦੇ ਹਨ। ਓਹੀ ਜਮ ਦੇ ਵਸ ਪੈਣੋਂ ਬਚਦੇ ਹਨ। ਨਹੀਂ ਤਾਂ ਸਾਰਾ ਜਗਤ-ਸੰਸਾਰ ਜਮ ਦੀ ਫਾਂਸ਼ੀ ਵਿਚ ਫਸ ਕੇ ਬਿਲਲਾਇਗਾ। ਯਥਾ ਗੁਰਵਾਕ—

> ਫਫੈ ਫਾਹੀ ਸਭੁ ਜਗੁ ਫਾਸਾ ਜਮ ਕੇ ਸੰਗਲਿ
> ਬੰਧਿ ਲਇਆ ॥ ਗੁਰ ਪ੍ਰਸਾਦੀ ਸੇ ਨਰ
> ਉਬਰੇ ਜਿ ਹਰਿ ਸਰਣਾਗਤਿ ਭਜਿ ਪਇਆ
> ॥੨੫॥ [ਆਸਾ ਮ: ੧ ਪਟੀ, ੪੩੩

ਇਸ ਮਾਇਆ-ਮਤੇ ਮਮਤਾ-ਮਮਤੇ ਪ੍ਰਾਣੀ ਦੇ ਸਿਰ ਦੇ ਕੇਸ ਕਾਲਿਓਂ ਧੌਲੇ ਹੋ ਜਾਂਦੇ ਹਨ। ਐਸੇ ਧਉਲੇ ਕਿ ਸਾਬਣ ਲਾਏ ਬਿਨਾਂ ਹੀ ਚਿੱਟੇ ਸਫ਼ੈਦ ਹੋ ਜਾਂਦੇ ਹਨ, ਅਰਥਾਤ ਉਹ ਮਰਨ ਪਹਿਰੇ ਹੋ ਜਾਂਦਾ ਹੈ। ਪਰ ਫੇਰ ਭੀ ਉਸ ਨੂੰ ਨਾਮ ਜਪਣ ਦੀ ਸੋਝੀ ਨਹੀਂ ਆਉਂਦੀ। ਸਾਰੀ ਉਮਰ ਹੀ ਉਸ ਦੀ ਵਿਗੋਚੇ ਵਿਚ ਵਿਹਾਉਂਦੀ ਹੈ। ਤਾਂ ਭੀ ਮਰਨਾ ਉਸਨੂੰ ਸੁਝਦਾ ਨਹੀਂ। ਪਰ ਪਤਾ ਉਦੋਂ ਹੀ ਲਗਦਾ ਹੈ ਕਿ ਮੌਤ ਸਿਰ ਤੇ ਆ ਗਜਦੀ ਹੈ ਅਤੇ ਜਮ ਰਾਜੇ ਦੇ ਪਠਾਏ ਹੋਏ ਹੇਰੂ ਜਮਦੂਤ ਉਸ ਨੂੰ ਆ ਗ੍ਰਸਦੇ ਹਨ ਅਤੇ ਉਸਦੀ ਕਮਾਈ ਹੋਈ ਮਾਇਆ ਅਤੇ ਵਿਹਾਝੀ ਹੋਈ ਮਮਤਾ ਸਗੋਂ ਉਸ ਸਮੇਂ ਉਸ ਨੂੰ ਬਹੁਤੀ ਦੁਖਦਾਈ ਹੋ ਜਾਂਦੀ ਹੈ। ਐਸੀ ਦੁਖਦਾਈ ਕਿ ਸੰਗਲ ਬਣ ਕੇ ਜਮਦੂਤਾਂ ਦੇ ਹਥ ਵਿਚ ਆ ਜਾਂਦੀ ਹੈ। ਓਸੇ ਸੰਗਲ ਨਾਲ ਜੀਵ ਨੂੰ ਜਕੜ, ਜਮਦੂਤ ਉਸ ਨੂੰ ਜਮਪੁਰੀ ਵਿਚ ਲੈ ਜਾਂਦੇ ਹਨ। ਜੈਸਾ ਕਿ ਇਸ ਅਗਲੇ ਗੁਰਵਾਕ ਦਾ ਭਾਵ ਹੈ :—

> ਕਕੈ ਕੇਸ ਪੁੰਡਰ ਜਬ ਹੂਏ ਵਿਣੁ ਸਾਬੂਣੈ
> ਉਜਲਿਆ ॥ ਜਮ ਰਾਜੇ ਕੇ ਹੇਰੂ ਆਏ
> ਮਾਇਆ ਕੈ ਸੰਗਲਿ ਬੰਧਿ ਲਇਆ ॥੫॥
> [ਆਸਾ ਮ: ੧ ਪਟੀ, ੪੩੨

ਤੀਜੇ ਮਹਲੇ ਦੀ ਲਿਖੀ ਪਟੀ ਵਿਚ ਸ੍ਰੀ ਗੁਰੂ ਤੀਜੀ ਪਾਤਸ਼ਾਹੀ ਸਪੱਸ਼ਟ ਨਿਰਣੇ ਕਰਾਉਂਦੇ ਹਨ ਕਿ ਜਿਹੜੇ ਮਨੁਖਾ ਜਨਮ ਧਾਰ ਕੈ ਨਾਮ ਨਹੀਂ ਜਪਦੇ ਉਹ ਅਗੇ ਜਾ ਕੇ ਜਮਾਂ ਦੇ ਵਸ ਪੈਣਗੇ। ਜਮਾਂ ਦੀ ਫਾਹੀ ਤੋਂ ਉਹਨਾਂ ਕਦੇ ਨਹੀਂ ਛੁਟਣਾ, ਛੁਟ ਸਕਣਗੇ ਹੀ ਨਹੀਂ। ਯਥਾ ਗੁਰਵਾਕ :—

> ਸਿਧੰ ਙਾਇਐ ਸਿਮਰਹਿ ਨਾਹੀ ਨੰਨੈ ਨਾ ਤੁਧੁ
> ਨਾਮੁ ਲਇਆ ॥ ਛਛੈ ਛੀਜਹਿ ਅਹਿਨਿਸਿ
> ਮੂੜੇ ਕਿਉ ਛੂਟਹਿ ਜਮੁ ਪਾਕੜਿਆ ॥੨॥
> [ਆਸਾ ਮ: ੩ ਪਟੀ, ੪੩੪

ਕਿਵੇਂ ਛੁਟੇਂਗਾ ਜਦੋਂ ਜਮਾਂ ਨੇ ਪਕੜਿਆ। ਅਰਥਾਤ ਜਮ ਜ਼ਰੂਰ ਫੜਨਗੇ। ਛੁਟਕਾਰਾ ਕਦੇ ਨਹੀਂ ਹੋਣਾ। ਜਮਾਂ ਤੋਂ ਛੁਟਕਾਰਾ ਓਹਨਾਂ ਦਾ ਹੀ ਹੈ ਜਿਨ੍ਹਾਂ ਨੇ ਮਨੁਖਾ ਜਨਮ ਧਾਰ ਕੇ ਵਾਹਿਗੁਰੂ ਸਿਮਰਨ ਸਵਾਰ ਕੇ ਕੀਤਾ ਹੈ ਅਤੇ ਨਾਮ ਵਿਚ ਲਿਵਲੀਨਤਾ ਪ੍ਰਾਪਤ ਕੀਤੀ ਹੈ। ਏਹੋ ਭਾਵ ਅਗਲੇ ਗੁਰਵਾਕ ਤੋਂ ਵਿਦਤ ਹੁੰਦਾ ਹੈ :—



www.AKJ.Org

ਵਵੈ ਵਾਰੀ ਆਈਆ ਮੂੜੇ ਵਾਸੁਦੇਉ ਤੁਧੁ ਵੀਸਰਿਆ ॥ ਏਹ ਵੇਲਾ ਨ ਲਹਿਸਹਿ ਮੂੜੇ ਫਿਰਿ ਤੂੰ ਜਮ ਕੈ ਵਸਿ ਪਇਆ ॥੧੨॥

[ਪਟੀ ਮਹਲਾ ੩, ਪੰਨਾ ੪੩੫

ਭਾਵ—ਮਨੁਖਾ ਜਨਮ ਦੀ ਵਾਰੀ ਮੁੜ ਮੁੜ ਨਹੀਂ ਆਉਂਦੀ। ਹੁਣ ਇਹ ਦੁਰਲਭ ਵਾਰੀ ਆਈ ਹੈ। ਪਰ ਇਸ ਆਈ ਵਾਰੀ ਵਿਚ ਜਿਸ ਮੂੜੇ ਮਨਮੁਖ ਨੇ ਸਰਬ ਬਿਆਪੀ ਹਾਜ਼ਰ ਨਾਜ਼ਰ ਵਾਹਿਗੁਰੂ ਨੂੰ ਵਿਸਾਰ ਦਿਤਾ ਹੈ, ਕਦੇ ਨਾਮ ਨਹੀਂ ਜਪਿਆ, ਇਹ ਵੇਲਾ ਮੁੜ ਕੇ ਹਥ ਨਹੀਂ ਆਉਣਾ। ਫੇਰ ਤਾਂ ਬਸ ਜਮ ਦੇ ਵਸ ਹੀ ਪੈਣਾ ਲਗੂ। ਜਮ ਵਸ ਪਇਆਂ ਖ਼ਬਰ ਨਹੀਂ ਕਦੋਂ ਛੁਟਕਾਰਾ ਹੋਊ। ਜਮ ਦਾ ਅਰਥ ਕਈ ਅਹੰਮਤੇ ਗਿਆਨੀ ਮੌਤ ਦਾ ਹੀ ਲਾਉਂਦੇ ਹਨ, ਕਿਉਂਕਿ ਮੌਤ ਤਾਂ ਸਭਨਾਂ ਨੂੰ ਆਉਂਦੀ ਦੀਹਦੀ ਹੈ। ਜਮ ਕਿਸੇ ਦੇਖਿਆ ਥੋੜੇ ਹੈ। ਇਸ ਕਰਕੇ ਉਹ ਜਮ ਦੀ ਹੋਂਦ ਮਨੌਤੀ ਤੋਂ ਮੁਨਕਰ ਹੋ ਜਾਂਦੇ ਹਨ। ਇਹ ਸੁਚੱਜਤਾ ਉਹਨਾਂ ਦੀ ਆਪਣੀ ਮਨ ਸਿਆਣਪ ਤੋਂ ਹੀ ਉਪਜੀ ਹੋਈ ਹੁੰਦੀ ਹੈ। ਕਾਸ਼ ਕਿ ਇਹ ਸੁਚੱਜਤਾ, ਸਤਿਗੁਰ ਦੇ ਬਚਨ ਸਤਿ-ਸਤਿ ਕਰਿ ਮੰਨਣ ਵਿਚ ਸੁਚੱਜਤਾ ਹੁੰਦੀ ਤਾਂ ਉਹ ਨਾ ਆਪ ਗੁਮਰਾਹ ਹੁੰਦੇ ਨਾ ਲੋਕਾਂ ਨੂੰ ਗੁਮਰਾਹ ਕਰਦੇ। ਗੁਰਬਾਣੀ ਅੰਦਰ ਬਾਰੰਬਾਰ ਅਨੇਕ ਥਾਈਂ 'ਜਮ' ਦਾ ਜ਼ਿਕਰ ਆਉਣਾ ਐਵੇਂ ਕਲਪਤ ਜ਼ਿਕਰ ਅਜ਼ਕਾਰ ਨਹੀਂ, ਬਲਕਿ ਸੱਚ ਨਿਸ਼ਾਨਾ ਜਮ-ਹੋਂਦ ਤੇ ਹੈ। ਇਸ ਬਿਧਿ ਜਮ-ਹੋਂਦ ਨੂੰ ਮਹਿਜ਼ ਕਲਪਤ ਹੀ ਗਰਦਾਨਿਆ, ਤਾਂ ਸਾਰੀ ਗੁਰਬਾਣੀ ਦੀ ਸਤਤਾ ਵਾਲੀ ਮਹੱਤਤਾ ਹੀ ਜਾਂਦੀ ਰਹੇਗੀ। ਸੋ ਬਾਰੰਬਾਰ ਗੁਰਬਾਣੀ ਅੰਦਰ ਆਏ ਜਮ ਦੀ ਹੋਂਦ ਨੂੰ ਇਕ ਖ਼ਿਆਲੀ ਇਜ਼ਹਾਰ ਹੀ ਮੰਨ ਲੈਣਾ ਨਾ ਸਿਰਫ਼ ਐਸੇ ਗਿਆਨੀਆਂ, ਨਹੀਂ ਨਹੀਂ ਅਗਿਆਨੀਆਂ ਦੀ ਹੱਠ-ਮੂੜ੍ਹਤਾ ਹੀ ਹੈ, ਬਲਕਿ ਗੁਰ-ਬਚਨਾਂ ਤੇ ਉਨ੍ਹਾਂ ਦੀ ਸ਼ਰਧਾ-ਹੀਨਤਾ ਸਿਧ ਹੁੰਦੀ ਹੈ। ਦੇਖੋ ਇਸ ਅਗਲੇ ਇਕੋ ਗੁਰਵਾਕ ਵਿਚ 'ਜਮ' ਦਾ ਦੋ ਵਾਰ ਜ਼ਿਕਰ ਆਇਆ ਹੈ। ਕੀ ਇਹ ਜ਼ਿਕਰ ਬੇਹੂਦਾ ਹੀ ਹੈ? ਉਹ ਜ਼ਬਾਨ ਸੜ ਜਾਏ ਜੋ ਇਸ ਜ਼ਿਕਰ ਨੂੰ ਬੇਹੂਦਾ ਆਖੇ। ਹਾਂ ਉਹਨਾਂ ਦੀ ਬੁਧੀ ਬੇਹੂਦਾ ਹੈ ਜੋ ਸਤੋ ਸਤਿ ਬਾਣੀ ਨੂੰ ਮਹਿਜ਼ ਖਿਆਲ ਕਲਪਤ ਗਰਦਾਨ ਕੇ ਅਸਤਿ ਸਮਝਦੇ ਹਨ। ਦੇਖੋ ਇਹ ਅਗਲਾ ਵਾਕ ਵੀਚਾਰ ਕੇ :—

ਜਿਨ੍ ਇਕ-ਮਨਿ ਧਿਆਇਆ ਤਿਨ੍ ਸੁਖੁ ਪਾਇਆ ਤੇ ਵਿਰਲੇ ਸੰਸਾਰਿ ਜੀਉ ॥ ਤਿਨ ਜਮੁ ਨੇੜਿ ਨ ਆਵੈ ਗੁਰ ਸਬਦੁ ਕਮਾਵੈ ਕਬਹੂ ਨ ਆਵਹਿ ਹਾਰਿ ਜੀਉ ॥ ਤੇ ਕਬਹੁ ਨ ਹਾਰਹਿ ਹਰਿ ਹਰਿ ਗੁਣ ਸਾਰਹਿ ਤਿਨ੍ ਜਮੁ ਨੇੜਿ ਨ ਆਵੈ ॥ ਜੰਮਣੁ ਮਰਣੁ ਤਿਨਾ ਕਾ ਚੂਕਾ ਜੋ ਹਰਿ ਲਾਗੇ ਪਾਵੈ ॥ ਗੁਰਮਤਿ ਹਰਿ ਰਸੁ ਹਰਿ ਫਲ ਪਾਇਆ ਹਰਿ ਹਰਿ ਨਾਮੁ ਉਰਧਾਰਿ ਜੀਉ ॥ ਜਿਨਿ ਇਕ ਮਨਿ ਧਿਆਇਆ ਤਿਨ੍ ਸੁਖੁ ਪਾਇਆ ਤੇ ਵਿਰਲੇ ਸੰਸਾਰਿ ਜੀਉ ॥੨॥ [ਆਸਾ ਮ: ੧ ਛੰਤ, ੪੩੮

ਭਾਵ—ਐਸੇ ਜਨ ਸੰਸਾਰ ਵਿਚ ਵਿਰਲੇ ਹਨ ਜਿਨ੍ਹਾਂ ਨੇ ਇਕ-ਮਨਿ ਇਕਾਗਰ ਚਿਤ ਹੋ ਕੇ ਵਾਹਿਗੁਰੂ-ਨਾਮ ਨੂੰ ਧਿਆਇਆ ਹੈ। ਜਿਨ੍ਹਾਂ ਜਨਾਂ ਨੇ ਭੀ ਇਸ ਬਿਧਿ ਇਕਾਗਰ ਚਿਤ ਹੋ ਕੇ ਮਨ ਦੀ ਸਾਵਧਾਨਤਾ ਸਹਿਤ ਵਾਹਿਗੁਰੂ-ਨਾਮ ਨੂੰ ਧਿਆਇਆ ਹੈ ਤਿਨ੍ਹਾਂ ਨੇ ਹੀ ਸਚਾ ਅਜ਼ਲੀ ਅਬਦੀ ਆਤਮ-ਸੁਖ ਪਰਮਾਰਥੀ ਪਾਇਆ ਹੈ। ਇਸ ਬਿਧਿ ਗੁਰ-ਸ਼ਬਦ ਕਮਾਵਣ-ਹਾਰਿਆਂ ਗੁਰਮਤਿ-ਨਾਮ-ਅਭਿਆਸੀ ਜਨਾਂ ਦੇ ਨੇੜੇ ਜਮ ਨਹੀਂ ਆਉਂਦਾ। ਉਕਾ ਹੀ ਨਹੀਂ ਆ ਸਕਦਾ। ਉਹਨਾਂ ਨੂੰ ਐਥੇ ਓਥੇ ਕਦੇ ਭੀ ਹਾਰ ਨਹੀਂ ਆਉਂਦੀ। ਤੇ ਜਨ ਕਦੀ ਵੀ ਨਹੀਂ ਹਾਰਦੇ, ਜੋ ਅਜਪਾ ਜਾਪ ਦੁਆਰਾ ਰਸਨਾ ਅਤੇ ਹਿਰਦੇ ਕਰਕੇ ਗੁਰਮਤਿ ਨਾਮ ਗੁਰਮੰਤਰ ਨੂੰ, ਅਭਿਆਸਕਾਰ ਬਿਰਤੀ ਸੁਰਤੀ ਦੁਆਰਾ ਸਦਾ ਸਦਾ ਸਮਾਰਦੇ (ਸੰਮਾਲਦੇ, ਅੰਤਰ ਉਰਧਾਰਦੇ) ਹਨ। ਇਸ ਬਿਧਿ ਵਾਹਿਗੁਰੂ ਦੀ ਸਿਫਤ ਸਲਾਹ ਕਰਨਹਾਰਿਆਂ ਦੇ ਜਮ ਕਦੇ ਨੇੜੇ ਨਹੀਂ ਆਉਂਦਾ। ਜਮ ਤਾਂ ਕੀ ਨੇੜੇ ਆਉਣਾ ਸੀ, ਬਲਕਿ ਇਸ ਬਿਧਿ ਨਾਮ ਜਪ ਕੇ, ਨਾਮ ਵਿਚ ਲਿਵਲੀਨ ਹੋਇਆਂ ਅਤੇ ਨਾਮੀ ਦੀ ਸਰਨੀ ਸਮਾਏ ਰਹਿਆਂ ਗੁਰਮੁਖ ਭਗਤ ਜਨਾਂ ਦਾ ਜੰਮਣ ਮਰਨ ਦਾ ਆਵਾ-ਗਵਨੀ ਸਿਲਸਿਲਾ ਮੁਕ ਜਾਂਦਾ ਹੈ। ਐਸੇ ਹਰਿ-ਰਸ ਹਰੀ (ਵਾਹਿਗੁਰੂ) ਪ੍ਰਾਪਤੀ ਵਾਲਾ ਫਲ, ਗੁਰਮਤਿ, ਕੇਵਲ ਗੁਰਮਤਿ ਦੁਆਰਾ ਹੀ, ਗੁਰਮਤਿ ਨਾਮ

www.AKJ.Org

ਉਰਿਧਾਰ ਕੇ ਹੀ ਪਾਇਆ ਜਾਂਦਾ ਹੈ। ਐਸਾ ਇਕ-ਮਨ ਇਕ-ਚਿਤ ਕਰਕੇ ਗੁਰਮਤਿ ਨਾਮ ਨੂੰ ਧਿਆਵਣ ਵਾਲੇ ਗੁਰਮੁਖ ਜਨ ਵਿਰਲੇ ਹੀ ਸੰਸਾਰ ਅੰਦਰ ਹਨ। ਬਸ, ਸੋਈ ਜਮ ਦੇ ਫੱਟ ਤੋਂ ਬੰਚਤ ਹਨ। ਨਹੀਂ ਤਾਂ ਸਾਰਾ ਸੰਸਾਰ ਹੀ ਜਮ ਦੇ ਫੇੜੇ ਵਿਚ ਹੈ। ਐਸੇ ਤੋਂ ਭਾਵ ਇਸ ਉਪਰਲੇ ਗੁਰਵਾਕ ਦਾ ਹੈ। ਹੁਣ ਜ਼ਰਾ ਖ਼ਿਆਲ ਕਰੋ ਕਿ ਇਸ ਗੁਰਵਾਕ ਵਿਚ 'ਜਮ' ਦੇ ਅਸਲੇ ਨੂੰ ਅਭਾਵ ਕਰ ਦੇਣਾ ਕੀ ਸਾਰੇ ਗੁਰਵਾਕ ਦੀ ਮਹੱਤਤਾ ਅਤੇ ਸਤਤਾ ਨੂੰ ਖੋ ਦੇਣਾ ਨਹੀਂ ? ਸਾਰੇ ਗੁਰਵਾਕ ਵਿਚੋਂ ਇਕ ਪੰਗਤੀ ਦੇ ਭਾਵ ਨੂੰ ਪਰਵਾਨ ਕਰ ਲੈਣਾ ਅਤੇ ਦੂਜੀ ਪੰਗਤੀ ਦੇ ਭਾਵ ਦੀ ਅਸਲੀਅਤ ਨੂੰ ਨਾ ਮੰਨਣਾ ਇਹ ਕਿਧਰ ਦੀ ਗੁਰਮੁਖਤਾਈ ਹੈ। ਅਸੀਂ ਤਾਂ ਇਹ ਸਮਝਦੇ ਹਾਂ ਜਿਸ ਨੇ ਗੁਰਵਾਕ ਦੀ ਇਕ ਇਕ ਤੁਕ ਨੂੰ, ਇਕ ਇਕ ਪੰਗਤੀ ਨੂੰ, ਇਕ ਇਕ ਅੱਖਰ ਨੂੰ ਸਤਿ-ਸਤਿ ਕਰ ਕੇ ਨਹੀਂ ਮੰਨਿਆ, ਉਹ ਅਜੇ ਭੰਬਲਭੂਸੇ ਹੀ ਖਾਂਦਾ ਹੈ। ਉਸਨੂੰ ਗੁਰਬਾਣੀ ਉਤੇ ਮਨ ਬਚ ਕਰਮ ਕਰਕੇ ਸਰਧਾ ਹੀ ਨਹੀਂ ਆਉਂਦੀ। ਇਹ ਕਿਹੜੀ ਗੁਰਮੁਖਤਾਈ ਹੈ। ਇਹ ਕਿਹੜੀ ਗਿਆਨਤਾਈ, ਗਿਆਨ ਬੁਧਤਾਈ ਹੈ ਕਿ ਇਕੋ ਗੁਰਵਾਕ ਵਿਚੋਂ ਭਿੰਨ-ਭਿੰਨ ਪੰਕਤੀਆਂ ਦੇ ਭਾਵਾਂ ਨੂੰ ਸੁੱਤਤਾ ਯਾ ਅਸਤੱਤਾ ਆਪਣੇ ਮਨ ਦੀ ਮਰਜ਼ੀ ਅਨੁਸਾਰ ਦਿਤੀ ਜਾਵੇ। ਇਹ ਸਭ ਗਿਆਨ-ਮਤੇ ਦੀ ਅਗਿਆਨ ਭਰੀ ਗੜਬੜੇਸ਼ਨ ਹੈ। ਜੇ ਆਪੋ ਆਪਣੀ ਮਨ ਮਤਸਰਿ ਬੁੱਧੀ ਦੀ ਕਸਉਟੀ ਗੁਰਬਾਣੀ ਹਿਤ ਲਾਈ ਜਾਵੇ ਤਾਂ ਕੋਈ ਭੀ ਨਿਗਰ ਅਭਿਪਰਾ ਗੁਰਬਾਣੀ-ਵਿਚਾਰ ਦਾ ਹਾਸਲ ਨਹੀਂ ਹੁੰਦਾ। ਦੇਖੋ, ਇਸ ਉਪਰਲੇ ਗੁਰਵਾਕ ਅੰਦਰ ਜੇ ਕਿਸੇ ਜਮ ਦੀ ਹੋਂਦ ਤੋਂ ਸਿਰ ਫੇਰ ਲਿਆ ਅਤੇ ਕਿਸੇ ਦੂਜੇ ਨੇ ਜੰਮਣ ਮਰਨ ਲਈ ਆਵਾਗਉਣ ਦੇ ਅਸੂਲ ਤੋਂ ਇਨਕਾਰ ਕਰ ਲਿਆ ਅਤੇ ਕਿਸੇ ਨੇ ਨਾਮ ਜਪਣ ਤੇ ਈਮਾਨ ਨਹੀ ਲਿਆਂਦਾ ਤੇ ਕਿਸੇ ਨੇ ਨਾਮ ਜਪਣ ਦੇ ਫਲ ਤੇ ਹੀ ਸਰਧਾ ਨਹੀਂ ਲਿਆਂਦੀ ਅਤੇ ਕਿਸੇ ਨੂੰ ਇਸ ਗੁਰਵਾਕ ਅੰਦਰ ਦਰਸਾਈ ਹਰੀ-ਰਸ ਸਫੁਟਾਈ ਵਾਲੀ ਗੁਰਮਤਿ ਅਸੂਲ ਅਸਲੀਅਤ ਉਤੇ ਹੀ ਪ੍ਰਤੀਤ ਨਹੀਂ ਆਈ ਤਾਂ ਦਸੋ ਸਾਰੇ ਗੁਰਵਾਕ ਦਾ ਅਸਲੀ ਭਾਵ ਖੇਰੂੰ ਖੇਰੂੰ ਹੋ ਗਿਆ ਕਿ ਨਾ ? ਤਾਂ ਤੇ ਆਪੋ ਆਪਣੀ ਬੁਧੀ ਅਨੁਸਾਰ ਗੁਰਬਾਣੀ ਦੇ ਭਾਵਾਂ ਨੂੰ ਕਲਪ ਬੈਠਣਾ ਮਹਾਂ ਮਨਮਤ ਅਤੇ ਅਗਿਆਨ ਗੁਮਰੱਤ (ਗੁਮਰਾਹ ਹੋਣ ਵਾਲੀ) ਕੁਮਤਿ ਹੈ। ਜਿਸ ਤੋਂ ਹਾਸਲ ਕੁਝ ਨਹੀਂ। ਤਾਂ ਤੇ ਆਓ ਸੁਮੱਤੇ ਲਗ। ਬਾਰ ਬਾਰ ਗੁਰਬਾਣੀ ਅੰਦਰ ਆਏ ਕਿਸੇ ਗੁਰਮਤਿ ਵਿਸ਼ੇ ਆਸ਼ੇ ਨੂੰ ਹਰਗਿਜ਼ ਹਰਗਿਜ਼ ਕਲਪਤ ਮਤ ਕਹੋ। ਕਹੋਗੇ ਤਾਂ ਗੁਰਮਤਿ ਦੇ ਸਾਰ-ਤੱਤ ਤੋਂ ਵਾਂਝੇ ਰਹਿ ਜਾਵੋਗੇ। ਕੇਵਲ ਚੁੰਚ-ਗਿਆਨ ਹੀ ਰਹਿ ਜਾਣਾ ਹੈ। ਤੱਤ ਗਿਆਨ, ਗੁਰਮਤਿ ਕਲਿਆਨ-ਕਾਰਕ ਗਿਆਨ ਕਦੇ ਨਹੀਂ ਲਭਣਾ। ਖ਼ਾਲੀ ਦੇ ਖ਼ਾਲੀ ਢੋਰ ਸਾਕਤ ਢੋਰ ਹੀ ਰਹਿ ਜਾਵੋਗੇ। ਅਸਲੀ ਭਾਵਾਂ ਨੂੰ ਚੁਰਾਇ ਚੁਰਾਇ ਕੋਈ ਗੁਰਮਤਿ ਤੱਤ-ਸਾਰ ਗਰਾਹੀ ਬਣ ਸਕਦਾ ਹੈ ? ਕਦਾਚਿਤ ਨਹੀਂ। ਤੀਨ ਕਾਲ ਨਹੀਂ ਬਣ ਸਕਦਾ। ਸਗੋਂ ਗੁਰੂ ਦਾ ਦੇਣਦਾਰ ਹੀ ਬਣਿਆ ਰਹਿੰਦਾ ਹੈ ਅਤੇ ਮੂੰਹੋਂ ਮੂੰਹ ਚੋਟਾਂ ਖਾਂਦਾ ਹੈ। ਗੁਰ-ਸ਼ਬਦ, ਗੁਰ-ਦੀਖਿਆ, ਗੁਰਮੰਤ੍ਰ ਜਿਸ ਪ੍ਰਾਣੀ ਨੂੰ ਪ੍ਰਾਪਤ ਨਹੀਂ ਹੋਇਆ, ਉਹ ਮਾਨੁੱਖਾ ਜਾਮੇ ਵਿਚ ਹੁੰਦਾ ਹੋਇਆ ਭੀ ਭੂਤਨਾ ਹੈ। ਐਸਾ ਸ਼ਬਦ ਬਿਹੂਣਾ ਭੂਤਨਾ ਮਨੁੱਖਾ ਜਨਮ ਅਜਾਈਂ ਹੀ ਗਵਾ ਕੇ ਚਲਿਆ ਜਾਵੇਗਾ ਅਤੇ ਮਰ ਕੇ ਜਮ ਦੇ ਮਾਰਗ ਵਿਚ ਮੂੰਹੋਂ ਮੂੰਹ ਚੋਟਾਂ ਖਾਵੇਗਾ। ਯਥਾ ਗੁਰਵਾਕ:—

ਜਮ ਮਗਿ ਬਾਧਾ ਖਾਹਿ ਚੋਟਾ ਸਬਦ ਬਿਨੁ
ਬੇਤਾਲਿਆ ॥ [ਆਸਾ ਮ ੧ ਛੰਤ, ੪੩੯

ਤਾਂ ਤੇ ਜਮ ਅਤੇ ਜਮ-ਮਾਰਗ ਇਸ ਗੁਰਵਾਕ ਪੰਗਤੀ ਦੁਆਰਾ ਭੀ ਸਿਧ ਹੈ। ਪਰ ਉਹਨਾਂ ਨੂੰ ਹੀ ਜਮ ਗ੍ਰਸਦਾ ਹੈ ਅਤੇ ਉਹਨਾਂ ਨੂੰ ਜਮ ਦੇ ਪੈਂਡੇ ਵਿਚ ਪੈਣਾ ਤੇ ਦੁਖ ਸਹਿਣਾ ਪੈਂਦਾ ਹੈ ਜੋ ਸ਼ਬਦ ਬਿਨ ਬੇਤਾਲੇ (ਭੂਤਨੇ) ਹੋ ਰਹੇ ਹਨ। ਭੂਤਨੇ ਸਮਾਨ ਹੋ ਰਹੇ ਹਨ। ਇਹ ਮੱਤ ਸਮਝ ਲੈਣਾ ਚਾਹੀਏ ਕਿ ਭੂਤਨੇ ਉਹਨਾਂ ਦਾ ਹੀ ਨਾਉਂ ਹੈ ਜੋ ਨਾਮ ਨਹੀਂ ਜਪਦੇ। ਨਹੀਂ ਨਹੀਂ ਭੂਤ ਪ੍ਰੇਤ ਦੀ ਜੂਨ ਵਖਰੀ ਹੈ। ਏਥੇ ਤਾਂ ਭਾਵ ਭੂਤਨੇ ਸਦਰਸ਼ ਤੋਂ ਹੈ। ਭੂਤ ਪ੍ਰੇਤ ਦਾ ਕਾਂਡ ਵਖਰਾ ਆਵੇਗਾ। ਜਿਨ੍ਹਾਂ ਦੇ ਹਿਰਦੇ ਮਨ ਵਿਚ ਸਾਚਾ ਸਾਹਿਬ ਆ ਵਸਿਆ ਹੈ ਉਹ ਜਮ ਦੇ ਜਾਲ ਵਿਚ ਕਾਹਨੂੰ ਫਸਦੇ ਹਨ।

ਸਾਚਾ ਸਾਹਿਬੁ ਮਨਿ ਵਸੈ ਕੀ ਫਾਸਹਿ
ਜਮਜਾਲੇ ਰਾਮ ॥ [ਆਸਾ ਮ: ੧ ਛੰਤ, ੪੩੯

['ਅਣ ਦੁਨੀਆ' ਵਿਚੋਂ ਧੰਨਵਾਦ ਸਹਿਤ ਡਿਠੀ

www.AKJ.Org

# ਨਾਨਕ ਭੁਖਾ ਤਾ ਰਜੈ ਜਾ ਗੁਣ ਕਹਿ ਗੁਣੀ ਸਮਾਇ

[ ਵਲੋਂ:—ਸਾਰੰਗ ਜੀ, ਕਪੂਰਥਲਾ ]

ਕਾਦਰ ਦੀ ਰਚਨਾ ਦੇਖ ਕੇ ਅਸਚਰਜ ਰਹਿ ਜਾਈਦਾ ਹੈ। ਅਸੀਂ ਬਾਕੀ ਜੀਆ ਜੰਤ ਦੀ ਕੀ ਜਾਣੀਏ, ਪਰ ਜੇ ਮਨੁਖ ਵਲ ਹੀ ਵੇਖਿਆ ਜਾਏ ਤਾਂ ਇਉਂ ਲਗਦਾ ਹੈ ਕਿ ਮਨੁੱਖ ਜਦੋਂ ਜਨਮਦਾ ਹੈ, ਭੁੱਖਾ ਹੀ ਹੁੰਦਾ ਹੈ। ਜਿੰਨਾ ਚਿਰ ਜੀਉਂਦਾ ਹੈ, ਭੁੱਖਾ ਹੀ ਰਹਿੰਦਾ ਹੈ ਅਤੇ ਜੇ ਕੋਈ ਮਰਨ ਵੇਲੇ ਉਸ ਨੂੰ ਪੁਛੇ ਜਾਂ ਦੇਖੇ ਤਾਂ ਇਹੋ ਦਿਸਦਾ ਹੈ ਕਿ ਉਹ ਅਜ ਭੁੱਖਾ ਹੀ ਸੀ। ਭਰਪੂਰ ਜੀਵਨ ਨਹੀਂ ਜੀਵਿਆ। ਜ਼ਿੰਦਗੀ ਵਿਚ ਕਦੀ ਬਹੁਤ ਧਨ ਖਟਣ ਲਈ ਭਜਿਆ ਫਿਰਿਆ—ਧਨ ਦੀ ਭੁੱਖ ਪੂਰੀ ਨਹੀਂ ਹੋ ਸਕੀ, ਜੇ ਮਾਨ-ਪਰਤਿਸ਼ਠਾ ਦੇ ਮਗਰ ਤੁਰਿਆ ਰਹਿਆ ਤਾਂ ਉਸ ਦਾ ਕੋਈ ਅੰਤ ਨਹੀਂ ਆਇਆ। ਇਹ ਰਚਨਾ ਹੀ ਐਸੀ ਹੈ ਕਿ ਮਨੁਖ ਸੰਸਾਰ ਦੇ ਵਿਸ਼ਾਲ ਮਾਰੂਥਲ ਵਿਚ ਆਪਣੀ ਜਨਮਾਂਤਰੀ ਪਿਆਸ ਬੁਝਾਣ ਲਈ ਕਦੀ ਇਕ ਦਿਸ਼ਾ ਵਿਚ, ਕਦੀ ਦੂਜੀ ਦਿਸ਼ਾ ਵਿਚ ਦੌੜਿਆ ਫਿਰਦਾ ਹੈ। ਅੰਮ੍ਰਿਤ ਜਲ (ਹਰਿ-ਨਾਮ) ਵਲ ਉਸ ਦਾ ਧਿਆਨ ਨਹੀਂ ਪੈਂਦਾ। ਅੰਤ ਪਿਆਸੇ ਦਾ ਪਿਆਸਾ ਇਥੋਂ ਚਲਾ ਜਾਂਦਾ ਹੈ। ਭਾਈ ਗੁਰਦਾਸ ਜੀ ਨੇ ਕਿਹਾ ਸੋਹਣਾ ਨਕਸ਼ਾ ਬੰਨ੍ਹਿਆ ਹੈ :—

ਅਖੀ ਵੇਖਿ ਨ ਰਜੀਆ ਬਹੁ ਰੰਗ ਤਮਾਸੇ ॥
ਉਸਤਤਿ ਨਿੰਦਾ ਕੰਨਿ ਸੁਣਿ ਰੋਵਣਿ ਤੇ ਹਾਸੇ ॥
ਸਾਦੀਂ ਜੀਭ ਨਾ ਰਜੀਆ ਕਰਿ ਭਗ ਬਿਲਾਸੇ ॥
ਨਕ ਨ ਰਜਾ ਵਾਸੁ ਲੈ ਦੁਰਗੰਧ ਸੁਵਾਸੇ ॥
ਰਜ ਨ ਕੋਈ ਜੀਵਿਆ ਕੂੜੇ ਭਰਵਾਸੇ ॥
ਪੀਰ ਮੁਰੀਦਾਂ ਪਿਰਹੜੀ ਸਚੀ ਰਹਰਾਸੇ ॥੯॥੨੭॥

ਇਸ ਭੁੱਖ ਦਾ ਦੂਜਾ ਨਾਂ ਤ੍ਰਿਸ਼ਨਾ ਹੈ। ਮਾਇਆ ਨਾਂ ਭਰਮ ਦਾ ਹੈ। ਪਰ ਮਾਇਆ ਦਾ ਸਭ ਤੋਂ ਵੱਡਾ ਹਥਿਆਰ ਭੁੱਖ ਜਾਂ ਤ੍ਰਿਸ਼ਨਾ ਹੈ। ਗੁਰੂ ਸਾਹਿਬਾਨ ਨੇ ਸੰਤ-ਬੋਲੀ ਵਿਚ ਉਪਰੋਕਤ ਨਾਂਵਾਂ ਨੂੰ ਵਰਤਿਆ ਹੈ, ਜਿਸਦਾ ਭਾਵ (ਅਭਿਪਰਾ) ਇਕੋ ਹੀ ਹੈ ਕਿ ਮਨੁਖ ਹਰੀ-ਨਾਮ ਨੂੰ ਛਡ ਕੇ ਬਾਕੀ ਜੋ ਕੁਝ ਕਰਮ ਕਰਦਾ ਹੈ ਉਹ ਉਸਨੂੰ ਇਸ ਮਾਇਆ-ਜਾਲ ਵਿਚ ਟੰਗੀ ਰਖਦਾ ਹੈ।

ਕਲਰ ਖੇਤੀ ਤਰਵਰ ਕੰਠੇ, ਬਾਗਾ ਪਹਿਰਹਿ
ਕਜਲੁ ਝਰੈ ॥ ਏਹੁ ਸੰਸਾਰੁ ਤਿਸੈ ਕੀ ਕੋਠੀ
ਜੋ ਪੈਸੈ ਸੋ ਗਰਬਿ ਜਰੈ ॥੬॥

[ਮਾਰੂ ਮ: ੧, ਪੰਨਾ ੧੦੧੬

ਭਾਵ ਤ੍ਰਿਸ਼ਨਾ ਪਰਧਾਨ ਹੈ। ਸੰਸਾਰ ਕਲਰ-ਖੇਤ ਸਮਾਨ ਹੈ, ਜਿਥੇ ਉਪਜਦਾ ਹੀ ਕੁਝ ਨਹੀਂ। ਮਨੁਖ ਦਾ ਜੀਵਨ ਨਦੀ ਕਿਨਾਰੇ ਰੁਖੜੇ ਦੇ ਸਮਾਨ ਹੈ। ਇਥੇ (ਤ੍ਰਿਸ਼ਨਾ ਦੀ ਕੋਠੀ) ਸੰਸਾਰ ਵਿਚ ਮਨੁਖ ਜਤਨ ਕਰਦਾ ਹੈ ਬਾਗਾ (ਚਿਟੇ ਬਸਤਰ) ਪਹਿਰਨ ਦਾ, ਚੰਗੇ ਬਣਨ ਦਾ, ਪਰ ਅਓਗੁਣਾਂ ਦਾ ਕਜਲ ਹਮੇਸ਼ਾ ਸਾਡੇ ਜਾਮੇ ਨੂੰ ਕਾਲਾ ਕਰਦਾ ਰਹਿੰਦਾ ਹੈ।

ਆਸਾ ਕੀ ਵਾਰ ਵਿਚ ਗੁਰੂ ਨਾਨਕ ਪਾਤਸ਼ਾਹ ਪੰਨਾ ੪੬੪ ਤੇ ਚਉਥੇ ਸਲੋਕ ਵਿਚ ਵਿਸਮਾਦ ਦੀ ਅਵਸਥਾ ਵਿਚ ਕਾਦਰ ਜੀ ਦੀ ਰਚਨਾ ਬਾਰੇ ਲਿਖਦੇ ਹੋਏ ਸੰਕੇਤ ਕਰਦੇ ਹਨ :—

ਵਿਸਮਾਦੁ ਧਰਤੀ ਵਿਸਮਾਦੁ ਖਾਣੀ ॥
ਵਿਸਮਾਦੁ ਸਾਦਿ ਲਗਹਿ ਪ੍ਰਾਣੀ ॥ ਵਿਸਮਾਦੁ
ਸੰਜੋਗੁ ਵਿਸਮਾਦੁ ਵਿਜੋਗੁ ॥ ਵਿਸਮਾਦੁ ਭੁਖ
ਵਿਸਮਾਦੁ ਭੋਗੁ ॥

ਮਨੁਖ ਦਾ ਸੁਆਦਾਂ ਵਿਚ ਲਗਣਾ ਬੜਾ ਅਚੰਭਾ ਹੈ। ਅਤੇ ਸੁਆਦ ਭੋਗ ਭੋਗ ਕੇ ਫਿਰ ਭੀ ਭੁੱਖਾ ਭੁੱਖਾ ਰਹਿਣਾ ਇਹ ਭੀ ਵਿਸਮਾਦ ਹੈ। ਸਿਰੀ ਰਾਗ ਵਿਚ ਸ੍ਰੀ ਗੁਰੂ ਅਮਰਦਾਸ ਜੀ ਮਨ ਨੂੰ ਸਮਝਾਂਦੇ ਹਨ—

ਮਨ ਭੁਖਾ ਭੁਖਾ ਮਤ ਕਰਹਿ, ਮਤ ਤੂ ਕਰਹਿ
ਪੂਕਾਰ ॥ ਲਖ ਚਉਰਾਸੀਹ ਜਿਨਿ ਸਿਰੀ,
ਸਭਸੈ ਦੇਇ ਅਧਾਰੁ...॥੫॥ [ਪੰਨਾ ੨੭

ਪਰ ਸਾਡਾ ਮਨ ਭੁੱਖ ਭੁੱਖ ਹੀ ਕਰੀ ਜਾਂਦਾ ਹੈ। ਅਸੀਂ ਭਾਈ ਮਰਦਾਨਾ ਜੀ ਦੇ ਪ੍ਰਸੰਗ ਸੁਣ ਸੁਣ ਕੇ ਹਸਦੇ ਹੁੰਦੇ ਹਾਂ ਕਿ ਜਦੋਂ ਦੇਖੋ ਉਸ ਨੂੰ ਭੁੱਖ ਹੀ ਲਗੀ



www.AKJ.Org

ਰਹਿੰਦੀ ਸੀ, ਪਰ ਉਹ ਤਾਂ ਕੇਵਲ ਇਕ ਪ੍ਰਕਾਰ ਦੀ ਭੁੱਖ ਸੀ—ਅਨਾਜ ਦੀ, ਪੇਟ ਦੀ ਅਸਥੂਲ ਭੁੱਖ। ਪਰ ਅਸੀਂ ਆਪਣੇ ਅੰਦਰ ਝਾਤ ਮਾਰ ਕੇ ਦੇਖੀਏ, ਕਿੰਨੀਆਂ ਹੀ ਭੁਖਾਂ ਅਸੀਂ ਅੰਦਰ ਲੁਕੋਈ ਤੇ ਸਮੋਈ ਬੈਠੇ ਹਾਂ। ਭਾਈ ਮਰਦਾਨਾ ਤਾਂ ਗੁਰੂ ਨਾਨਕ ਪਾਤਸ਼ਾਹ ਨੂੰ ਪਰਵਾਨ ਸੀ, ਪਰ ਸਾਡੇ ਵਰਗੇ ਬਹੁ ਤ੍ਰਿਸ਼ਨਾਲੂ ਭੁੱਖੇ ਕਿੰਜ ਪਰਵਾਨ ਹੋਣਗੇ ?

ਜ਼ਰਾ ਗਹੁ ਨਾਲ ਦੇਖੀਏ ਤਾਂ ਤ੍ਰਿਸ਼ਨਾ ਜਾਂ ਭੁੱਖ ਦੇ ਦੋ ਰੂਪ ਹਨ : ਇਕ ਤਾਂ ਅਸਥੂਲ ਰੂਪ, ਤੇ ਦੂਜਾ ਸੂਖਮ ਰੂਪ। ਅਸਥੂਲ ਰੂਪ ਵਿਚ ਸਾਡੇ ਸਾਹਮਣੇ ਰਸਾਂ ਕਸਾਂ ਦੇ ਸੁਆਦਾਂ ਵਿਚ ਮਗਨ ਪ੍ਰਾਣੀ ਦਾ ਨਕਸ਼ਾ ਹੈ—

ਰਸ ਕਸ ਖਾਏ ਸਾਦੁ ਗਵਾਇ ॥
ਕੂੜੇ ਲਾਲਚਿ ਲਪਟੈ ਲਪਟਾਇ...॥੧੪॥
[ਬਿਲਾਵਲ ਮ: ੧, ਪੰਨਾ ੮੪੦

ਜਾਂ ਸਿਰੀ ਰਾਗ ਵਿਚ ਪੰਨਾ ੧੫ ਤੇ ਸਾਹਿਬ ਫ਼ੁਰਮਾਂਦੇ ਹਨ—

ਰਸੁ ਸੁਇਨਾ, ਰਸੁ ਰੁਪਾ, ਕਾਮਣਿ, ਰਸੁ
ਪਰਮਲ ਕੀ ਵਾਸੁ ॥ ਰਸੁ ਘੋੜੇ, ਰਸੁ ਸੇਜਾ,
ਮੰਦਰ, ਰਸੁ ਮੀਠਾ, ਰਸੁ ਮਾਸੁ ॥ ਏਤੇ ਰਸ
ਸਰੀਰ ਕੇ, ਕੈ ਘਟਿ ਨਾਮ ਨਿਵਾਸੁ ॥੨॥

ਇਹ ਸਾਰੇ ਅਸਥੂਲ ਰਸ ਜਾਂ ਸੁਆਦ ਹਨ, ਜਿਨ੍ਹਾਂ ਦੀ ਸਦਾ ਸਾਡੇ ਅੰਦਰ ਭੁੱਖ ਲਗੀ ਰਹਿੰਦੀ ਹੈ। ਇਸ ਲਈ ਆਖ਼ਰੀ ਪੰਕਤੀ ਵਿਚ ਬੜਾ ਵਡਾ ਸੁਆਲ ਸਾਹਮਣੇ ਰਖ ਦਿਤਾ ਹੈ ਕਿ ਜਿਸ ਸਰੀਰ ਵਿਚ ਇਤਨੇ ਭਾਂਤੇ ਭਾਂਤੀ ਦੇ ਰਸ ਕਸ ਵਸ ਰਹੇ ਹੋਣ ਤੇ ਮਨ ਉਨ੍ਹਾਂ ਵਿਚ ਖਚਿਤ ਹੋ ਰਿਹਾ ਹੋਵੇ ਤਾਂ ਉਸ ਸਰੀਰ ਵਿਚ ਨਾਮ ਕਿਥੇ ਤੇ ਕਿਵੇਂ ਵਸ ਸਕਦਾ ਹੈ ? ਸੁਆਦ ਮਾਣਦਾ ਮਾਣਦਾ ਸਾਡਾ ਮਨ ਸੁਆਦਾਂ ਨਾਲ ਭਰਦਾ ਨਹੀਂ ਅਤੇ ਸੁਆਦਾਂ ਨੂੰ ਮਾਣ ਮਾਣ ਕੇ ਹੋਰ ਤ੍ਰਿਸ਼ਨਾਲੂ ਤੇ ਭੁਖੇੜਾ ਬਣਦਾ ਜਾਂਦਾ ਹੈ, ਕਦੀ ਤ੍ਰਿਪਤੀ ਨਹੀਂ ਹੁੰਦੀ। ਪਛਮੀ ਦੇਸਾਂ ਤੋਂ ਵਾਪਸ ਆਏ ਸਾਡੇ ਬੁਧੀ-ਜੀਵੀ ਉਨ੍ਹਾਂ ਲੋਕਾਂ ਦੀ ਕਲਚਰ ਦੇ ਬੜੇ ਗੁਣ ਗਾਉਂਦੇ ਹਨ। ਪਰ ਨਾਲ ਇਹ ਕਹਿੰਦੇ ਸੁਣੇ ਜਾਂਦੇ ਹਨ ਕਿ ਉਨ੍ਹਾਂ ਲੋਕਾਂ ਵਿਚ ਜਿਥੇ ਕੰਮ ਕਰਨ ਲਈ ਅਮਿਟ ਉਤਸ਼ਾਹ ਹੈ, ਉਥੇ ਉਨ੍ਹਾਂ ਵਿਚ ਜਿਨਸੀ ਭੁੱਖ ਨੂੰ ਰਜ ਕੇ ਮਾਨਣ ਦੀ ਭੀ ਤੀਬਰ ਭਟਕਣਾ ਹੈ। ਅਮਰੀਕਾ, ਯੂਰਪ ਆਦਿ ਦੇਸ਼ਾਂ ਦੇ ਲੋਕੀ ਹਰ ਥਾਂ ਹਰ ਸਮੇਂ ਇਹੋ ਸ਼ਿਕਾਇਤ ਕਰਦੇ ਆਏ ਹਨ ਕਿ ਬਾਵਜੂਦ ਇਤਨਾ ਕੁਝ ਹੋਣ ਦੇ ਸਾਡੇ ਮਨ ਨੂੰ ਸ਼ਾਂਤੀ ਨਹੀਂ ਆਈ। ਭਾਰਤ ਵਾਸੀ ਤਾਂ ਆਪਣੇ ਵਡ ਵਡੇਰਿਆਂ ਦੇ ਖਜ਼ਾਨੇ ਦੀ ਕਦਰ ਨਾ ਜਾਣ ਕੇ ਬਹੁ-ਦੇਸ ਕਮਾਣ ਲਈ ਬਾਹਰ ਨੂੰ ਭਜਦੇ ਹਨ, ਪਰ ਬਾਹਰ ਦੇ ਰਜੇ ਲੋਕ ਅੰਤ੍ਰੀਵ ਸੁਖ ਸ਼ਾਂਤੀ ਲਭਣ ਲਈ ਤੜਫਦੇ ਫਿਰਦੇ ਹਨ, ਜਿਨ੍ਹਾਂ ਨੂੰ ਭੇਖੀ ਤੇ ਪਰਪੰਚੀ ਲੋਕ ਖ਼ਰਾਬ ਕਰਦੇ ਹਨ, ਤੇ ਕਰਦੇ ਰਹਿਣਗੇ।

ਜ਼ਿਕਰ ਚਲ ਰਿਹਾ ਸੀ ਅਸਥੂਲ ਤ੍ਰਿਸ਼ਨਾ ਦਾ, ਜਿਨਸੀ ਭੁੱਖਾਂ ਦਾ। ਗੁਰੂ ਬਾਬਾ ਜੀ ਦੇ ਮਨੋਹਰ ਬਚਨ ਹਨ ਕਿ ਹਰ ਪ੍ਰਾਣੀ ਨੂੰ ਪੰਜੇ ਚੋਰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਨਿਤ ਲੁਟਦੇ ਹਨ। ਅਸਥੂਲ ਰੂਪ ਵਿਚ ਇਹ ਪੰਜੇ ਸਾਡੇ ਅੰਦਰ ਬੜੀ ਅਜੀਬ ਜਹੀ ਤ੍ਰਿਸ਼ਨਾ ਪੈਦਾ ਕਰਦੇ ਹਨ। ਜਿਸਦਾ ਸਿੱਟਾ ਹੁੰਦਾ ਹੈ—

ਬੈਰ ਬਿਰੋਧ ਕਾਮ ਕ੍ਰੋਧ ਮੋਹ ॥ ਝੂਠ ਬਿਕਾਰ
ਮਹਾ ਲੋਭ ਧ੍ਰੋਹ ॥ ਇਆਹੂ ਜੁਗਤਿ ਬਿਹਾਨੇ
ਕਈ ਜਨਮ ॥ ਨਾਨਕ ਰਾਖਿ ਲੇਹੁ ਆਪਨ
ਕਰਿ ਕਰਮ ॥੭॥ [ਸੁਖਮਨੀ ਸਾਹਿਬ, ੨੬੮

(ਜਾਂ) ਕਾਮ ਕ੍ਰੋਧ ਮੋਹ ਬਸਿ ਪ੍ਰਾਨੀ ਹਰਿ ਮੂਰਤਿ
ਬਿਸਰਾਈ ॥ ਝੂਠਾ ਤਨੁ ਸਾਚਾ ਕਰਿ
ਮਾਨਿਓ, ਜਿਉ ਸੁਪਨਾ ਰੈਨਾਈ ॥੧॥੨॥
[ਗਉੜੀ ਮ: ੯, ਪੰਨਾ ੨੧੯

(ੳ) ਕਾਮ ਦੀ ਭੁੱਖ ਦਾ ਅਸਥੂਲ ਰੂਪ ਦੇਖਣਾ ਹੋਵੇ ਤਾਂ ਜੋ ਕੁਝ ਅਜ ਸਿਨੇਮਾ, ਕਾਲਜਾਂ, ਨਾਚ-ਘਰਾਂ, ਥੀਏਟਰਾਂ ਵਿਚ ਕਲਚਰਲ ਪ੍ਰੋਗਰਾਮਾਂ ਦੇ ਨਾਮ ਹੇਠ ਹੋ ਰਿਹਾ ਹੈ, ਉਹ ਸਾਡੇ ਸਾਹਮਣੇ ਹੀ ਹੈ। ਤਰ੍ਹਾਂ ਤਰ੍ਹਾਂ ਦੇ ਨੰਗੇਜ ਫ਼ੈਸ਼ਨ ਕਰ ਕਰ ਕੇ ਰੀਝਣਾ, ਇਹ ਕਾਮ ਦੀ ਭੁੱਖ ਦੀ ਤ੍ਰਿਪਤੀ ਕਰਨੀ ਹੈ। ਪਛਮ ਵਿਚ ਕਾਮ ਦੀ ਕਾਫ਼ੀ ਖੁਲ੍ਹ-ਖੇਡ ਹੈ। ਸਾਡੇ ਦੇਸ਼ ਦੇ


www.AKJ.Org

ਬਹੁਤ ਸਾਰੇ ਭੁੱਖੇ, ਬਦੇਸ਼ਾਂ ਨੂੰ ਬਹੁਤਾ ਇਸੇ ਭੁੱਖ ਦੀ ਤ੍ਰਿਪਤੀ ਲਈ ਭੀ ਭਜਦੇ ਹਨ। ਪਰ ਗੁਰਬਾਣੀ ਸੁਨੇਹੜੇ ਦੇਂਦੀ ਹੈ :—

ਜੇ ਲਖ ਇਸਤਰੀਆ ਭੋਗ ਕਰਹਿ, ਨਵਖੰਡ
ਰਾਜੁ ਕਮਾਹਿ ॥ ਬਿਨੁ ਸਤਿਗੁਰ ਸੁਖੁ ਨ
ਪਾਵਹੀ, ਫਿਰਿ ਫਿਰਿ ਜੋਨੀ ਪਾਹਿ ॥੩॥
[ਸਿਰੀ ਰਾਗੁ ਮ: ੩, ਪੰਨਾ ੨੬

(ਅ) ਕਾਮ ਦੀ ਭੁੱਖ ਤਾਂ ਹੋਈ, ਪਰ ਕੀ ਕ੍ਰੋਧ ਦੀ ਭੁਖ ਦਾ ਭੀ ਅਸਥੂਲ ਸਰੂਪ ਹੋ ਸਕਦਾ ਹੈ ? ਕ੍ਰੋਧ ਦਾ ਅਸਥੂਲ ਰੂਪ ਮਨੁਖ ਦੇ ਸੁਭਾਅ ਵਿਚ ਚਿੜਚਿੜਾ-ਪਣ ਦਾ ਆ ਜਾਣਾ ਹੁੰਦਾ ਹੈ। ਗੁੱਸਾ ਕਰੀ ਜਾਣਾ, ਦੂਜਿਆਂ ਨੂੰ ਧਮਕਾਈ ਜਾਣਾ ਤੇ ਰੋਹਬ ਪਾਈ ਜਾਣਾ।

ਸਤਿਗੁਰੂ ਮਹਾਰਾਜ ਤਾਂ ਵਿਹੋ ਉਪਦੇਸ਼ ਦਿੰਦੇ ਹਨ ਕਿ ਕਾਮ ਅਤੇ ਕ੍ਰੋਧ ਦੋਵੇਂ ਜ਼ਹਿਰ ਹਨ। ਇਹ ਹੌਲੀ ਹੌਲੀ ਸਰੀਰ ਨੂੰ ਖੋਰ ਦਿੰਦੇ ਹਨ । ਕਾਮੀ ਅਤੇ ਗੁਸੈਲੇ ਬੰਦੇ, ਬੰਦਗੀ ਨਹੀਂ ਕਰ ਸਕਦੇ ਅਤੇ ਨਾ ਹੀ ਉਨ੍ਹਾਂ ਦਾ ਸਰੀਰ ਠੀਕ ਰਹਿ ਸਕਦਾ ਹੈ। ਜਿਹਾ ਕਿ—

ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥
ਜਿਉ ਕੰਚਨ ਸੋਹਾਗਾ ਢਾਲੈ ॥
[ਦਖਣੀ ਓਅੰਕਾਰੁ, ੯੩੨

(ੲ) ਲੋਭ ਦੀ ਭੁੱਖ ਬੜੀ ਬੁਰੀ ਹੈ। ਇਹ ਤਾਂ ਮਨੁੱਖ ਨੂੰ ਸਥਿਰ ਨਹੀਂ ਹੋਣ ਦਿੰਦੀ।

"ਇਸੁ ਲੋਭੀ ਕਾ ਜੀਉ ਟਲਪਲੈ।"
[ਪੰਨਾ ੨੪

ਹਛਾ ਖਾਣ, ਹਛਾ ਪਹਿਨਣ ਜਾਂ ਵਧ ਤੋਂ ਵਧ ਕਮਾਣ ਤੇ ਜੋੜਨ ਆਦਿ ਦੀ ਲਾਲਸਾ ਲੋਭੀ ਰੁਚੀ ਹੋਰ ਤਿਖਾ ਕਰਦੀ ਹੈ । ਲੋਭ-ਗ੍ਰਸਤ ਪੁਰਸ਼ ਕਈ ਉਪਦ੍ਰਵ ਕਰਦਾ ਹੈ, ਵਢੀਆਂ ਖਾਂਦਾ ਹੈ, ਹੇਰਾ ਫੇਰੀਆਂ ਕਰਦਾ ਹੈ, ਚੋਰ-ਬਜ਼ਾਰੀ ਕਰਦਾ ਹੈ ਅਤੇ ਪਰਾਏ ਹੱਕ ਤੇ ਹੱਥ ਫੇਰਦਾ ਹੈ। ਲੋਭੀ ਮਨੁੱਖ ਨੂੰ ਭਲੇ ਬੁਰੇ ਦੀ ਤਮੀਜ਼ ਹੀ ਨਹੀਂ ਰਹਿੰਦੀ। ਉਸ ਦਾ ਨਿਸ਼ਾਨਾ ਤਾਂ ਕੇਵਲ ਮਾਇਆ ਇਕੱਤਰ ਕਰਨਾ ਹੁੰਦਾ ਹੈ। ਕਾਮ ਅਤੇ ਕ੍ਰੋਧ ਨੂੰ ਨਰਕਾਂ ਵਿਚ ਵਾਸਾ ਦੇਣ ਵਾਲੇ ਦਸ ਕੇ ਗੁਰੂ ਅਰਜਨ ਦੇਵ ਜੀ ਲੋਭ ਨੂੰ ਸੰਬੋਧਨ ਕਰ ਕੇ ਕਹਿੰਦੇ ਹਨ :—

ਹੇ ਲੋਭਾ ਲੰਪਟ ਸੰਗ ਸਿਰਮੋਰਹ ਅਨਿਕ
ਲਹਰੀ ਕਲੋਲਤੇ ॥ ਧਾਵੰਤ ਜੀਆ ਬਹੁ
ਪ੍ਰਕਾਰੰ ਅਨਿਕ ਭਾਂਤਿ ਬਹੁ ਡੋਲਤੇ ॥ ਨਚ
ਮਿਤ੍ਰੰ ਨਚ ਇਸਟੰ, ਨਚ ਬਾਧਵ, ਨਚ ਮਾਤ
ਪਿਤਾ ਤਵ ਲਜਯਾ ॥ ਅਕਰਣੰ ਕਰੋਤਿ,
ਅਖਾਦਿ੍ ਖਾਦੵੰ, ਅਸਾਜੵੰ ਸਾਜਿ ਸਮਜਯਾ
॥੪੮॥ [ਸਹਸਕ੍ਰਿਤੀ ਸਲੋਕ, ਪੰਨਾ ੧੩੫੮

ਭਾਵ, ਹੇ ਲੋਭ ! ਤੂੰ ਵਡੇ ਵਡੇ ਲੋਕਾਂ ਨੂੰ ਫਸਾਇਆ ਹੈ। ਤੇਰੇ ਕਾਰਨ ਜੀਵ ਅਨੇਕ ਕਿਸਮ ਦੇ ਕਰਮ ਕਰਦਾ ਹੈ ਤੇ ਡੋਲਦਾ ਹੈ, ਭਾਵ ਆਪਣੇ ਧਰਮ-ਕਰਮ ਤੋਂ ਗਿਰ ਜਾਂਦਾ ਹੈ। ਹੇ ਲੋਭ, ਤੂੰ ਮਨੁਖ ਤੋਂ ਨਾ ਕਰਨ ਯੋਗ ਕੰਮ ਕਰਾਉਂਦਾ ਹੈ, ਨਾ ਖਾਣ ਯੋਗ ਨੂੰ ਖਵਾਉਂਦਾ ਹੈ, ਅਤੇ ਨਾ ਬਣਨ ਯੋਗ ਕੰਮ ਨੂੰ ਤੂੰ ਚੰਗੀ ਤਰ੍ਹਾਂ ਬਣਾ ਦਿੰਦਾ ਹੈ। ਤੇਰੇ ਅਗੇ ਵਡੇ ਵਡੇ ਲੋਕ, ਜਪੀ, ਤਪੀ, ਹਠੀ ਡੋਲ ਜਾਂਦੇ ਹਨ।

(ਸ) ਮੋਹ ਦਾ ਆਪਣੀ ਭਾਂਤ ਦਾ ਹੀ ਜਾਲ ਹੈ, ਜਿਸ ਵਿਚ ਸਾਰੀ ਦੁਨੀਆ ਉਲਝੀ ਪਈ ਹੈ। ਉਪਰੋਂ ਉਪਰੋਂ ਮੋਹ ਦਾ ਸਰੂਪ ਮਨੁਖੀ ਪਿਆਰ ਦੇ ਰੂਪ ਵਿਚ ਰੂਪਮਾਨ ਹੁੰਦਾ ਹੈ। ਮਾਤਾ ਦੀ ਪ੍ਰੀਤ ਆਪਣੇ ਬੱਚਿਆਂ ਨਾਲ ਇਸਦਾ ਉਤਮ ਰੂਪ ਮੰਨਿਆ ਗਿਆ ਹੈ। ਬਾਣੀ ਅੰਦਰ ਮਾਤਾ ਦੀ ਪ੍ਰੀਤ, ਚਕਵੀ ਦੀ ਪ੍ਰੀਤ, ਚਕੋਰ ਦੀ ਪ੍ਰੀਤ, ਪਪੀਹੇ ਦੀ ਪ੍ਰੀਤ ਵਲ ਸੰਕੇਤ ਹੈ । ਪਰ ਇਹਨਾਂ ਸੰਸਾਰਕ ਤੇ ਤਕਰੀਬਨ ਅਸਥੂਲ ਪ੍ਰੀਤਾਂ ਦੀ ਤੀਬਰਤਾ (intensity) ਵਲ ਸੰਕੇਤ ਕਰ ਕੇ ਸੁਝਾਅ ਦਿੰਦੇ ਹਨ ਕਿ ਇਉਂ ਹੀ ਆਪਣੇ ਪ੍ਰਭੂ ਪ੍ਰੀਤਮ ਜੀ ਨਾਲ ਮੋਹ ਪਾਉਣਾ ਹੈ। ਤੇ ਚਿਤਾਵਨੀ (warning) ਦੇ ਜਾਂਦੇ ਹਨ—

ਹੋਰੁ ਸਭ ਪ੍ਰੀਤਿ ਮਾਇਆ ਮੋਹੁ ਕਾਚਾ ॥
ਬਿਨਸਿ ਜਾਇ ਕੂਰਾ ਕਚੁ ਪਾਚਾ ॥ ਜਨ
ਨਾਨਕ ਪ੍ਰੀਤਿ ਤ੍ਰਿਪਤਿ ਗੁਰੁ ਸਾਚਾ ॥੪॥੪॥
[ਗਉੜੀ ਗੁ: ਮ: ੪, ਪੰਨਾ ੧੬੫

ਜਿੰਨਾ ਚਿਰ ਤਕ ਸਾਡੇ ਅੰਦਰ ਮੋਹ ਹੈ, ਅਸੀਂ ਕਿਸੇ ਨਾ ਕਿਸੇ ਹੀਲੇ ਇਸ ਦੀ ਭੁਖ ਪੂਰੀ ਕਰਦੇ ਹੀ



www.AKJ.Org

ਰਹਿੰਦੇ ਹਾਂ। ਅਤੇ ਮਹਾਰਾਜ ਤਾਂ ਇਥੋਂ ਤਕ ਕਹਿੰਦੇ ਹਨ :—

ਨਿਕਸੁ ਰੇ ਪੰਖੀ ਸਿਮਰਿ ਹਰਿ ਪਾਂਖ ॥
ਭ੍ਰਮ ਕੀ ਕੂਈ, ਤ੍ਰਿਸਨਾ ਰਸ ਪੰਕਜ, ਅਤਿ ਤੀਖਣੁ ਮੋਹ ਕੀ ਫਾਸ ॥ ਕਾਟਨਹਾਰ ਜਗਤ ਗੁਰ ਗੋਬਿੰਦ, ਚਰਨ ਕਮਲ ਤਾ ਕੈ ਕਰਹੁ ਨਿਵਾਸ ॥੧॥ [ਪੰਨਾ ੨੦੪

ਮੋਹ ਦੀ ਫਾਸ ਅਤਿ ਤੀਖਣ ਹੈ। ਇਹ ਦਿਸਦੀ ਨਹੀਂ, ਪਰ ਮਹਿਸੂਸ ਜ਼ਰੂਰ ਹੁੰਦੀ ਹੈ। ਪਤਾ ਹੁੰਦਿਆਂ ਹੋਇਆਂ ਭੀ ਕਿ ਇਹ ਪ੍ਰੀਤਾਂ ਕੂੜੀਆਂ ਹਨ, ਫਿਰ ਭੀ ਅਸੀਂ ਨਿਤਪ੍ਰਤਿ ਇਨ੍ਹਾਂ ਪ੍ਰੀਤਾਂ ਦੇ ਜਾਲ ਤਾਣ ਤਾਣ ਕੇ ਇਨ੍ਹਾਂ ਵਿਚ ਫਸੀ ਜਾਂਦੇ ਹਾਂ। ਸਤਿਗੁਰੂ ਜੀ ਨੇ ਮੋਹ ਨੂੰ ਚਿਕੜ ਨਾਲ ਵੀ ਤੁਲਨਾ ਦਿਤੀ ਹੈ। ਜਿਹਾ ਕਿ—

ਮੋਹ ਚੀਕੜਿ ਫਾਥੇ ਨਿਘਰਤ ਹਮ ਜਾਤੇ, ਹਰਿ ਬਾਂਹ ਪ੍ਰਭੂ ਪਕਰਾਇ ਜੀਉ ॥ [ਪੰਨਾ ੪੪੭

(ਹ) ਹੰਕਾਰ ਤਾਂ ਮਹਾਰਾਜ ਨੇ ਸਭ ਤੋਂ ਅੰਤਲਾ ਚੋਰ ਜਾਂ ਸਿਰੇ ਦਾ ਠੱਗ ਲਿਖਿਆ ਹੈ। ਪਰ ਇਹ ਮਨੁਖ ਵਿਚ ਇਕ ਵਡਾ ਮਾਰੂ ਰੋਗ ਹੈ ਜਿਸ ਦੇ ਢਹੇ ਚੜ੍ਹ ਕੇ ਜੀਵ ਇਉਂ ਫੁੰਕਾਰੇ ਮਾਰਦਾ ਹੈ—

ਹਉ ਮਾਰਉ ਹਉ ਬੰਧਉ ਛੋਡਉ ਮੁਖ ਤੇ ਏਵ ਬਬਾੜੇ ॥ [ਪੰਨਾ ੩੮੦

ਹਉ ਬੰਧਉ ਹਉ ਸਾਧਉ ਬੈਰੁ ॥ ਹਮਰੀ ਭੂਮਿ ਕਉਣੁ ਘਾਲੈ ਪੈਰੁ ॥ ਹਉ ਪੰਡਿਤ ਹਉ ਚਤੁਰੁ ਸਿਆਣਾ ॥ ਕਰਣੈਹਾਰੁ ਨ ਬੁਝੈ ਬਿਗਾਨਾ ॥ [ਗਉੜੀ ਗੁ: ਮ: ੫, ਪੰਨਾ ੧੯੮

ਬਾਕੀ ਦੇ ਚਾਰ ਜੇ ਮਰ ਭੀ ਜਾਣ, ਪਰ ਅਹੰਕਾਰ ਦੀ ਭੁਖ ਸੂਖਮ ਹੁੰਦੀ ਹੁੰਦੀ ਅਤੀ ਸੂਖਮ ਹੋ ਜਾਂਦੀ ਹੈ, ਇਥੋਂ ਤਕ ਕਿ ਇਸ ਦੀ ਪਛਾਣ ਕਰਨੀ ਕਠਨ ਹੋ ਜਾਂਦੀ ਹੈ। ਇਸ ਸੂਖਮ ਰੂਪ ਦਾ ਨਾਂ ਹੀ ਹਉਮੈ ਹੈ। ਇਸੇ ਕਾਰਨ ਇਸ ਨੂੰ ਵੱਡਾ ਰੋਗ ਗਰਦਾਨਿਆ ਗਿਆ ਹੈ। ਮਨੁੱਖ ਇਸ ਦੇ ਅਸਥੂਲ ਰੂਪ ਵਿਚ ਦਿਨ ਰਾਤ ਆਪਣੀ ਸ਼ਲਾਘਾ ਕਰੀ ਜਾਂਦਾ ਹੈ, "ਮੈਂ ਇਹ ਕੀਤਾ, ਮੈਂ ਉਹ ਕਰ ਸਕਦਾ ਹਾਂ। ਮੇਰੇ ਇੰਨੇ ਦੋਸਤ ਮਿਤਰ। ਮੇਰਾ ਏਡਾ ਵਡਾ ਪਰਿਵਾਰ, ਮੈਂ ਇਹ, ਮੈਂ ਉਹ, ਆਦਿ।

ਆਸਾ ਕੀ ਵਾਰ ਵਿਚ ਗੁਰੂ ਨਾਨਕ ਪਾਤਸ਼ਾਹ ਨੇ ਹਉਮੈ ਦਾ ਜੋ ਨਕਸ਼ਾ ਖਿਚਿਆ ਹੈ, ਉਸ ਤੋਂ ਉਪਰ ਵਿਚਾਰ ਨਹੀਂ ਹੋ ਸਕਦਾ। ਦਰ ਅਸਲ ਹਉਮੈ ਦੀ ਭੁਖ ਕਾਰਨ ਹੀ—

ਹਉਮੈ ਏਈ ਬੰਧਨਾ, ਫਿਰਿ ਫਿਰਿ ਜੋਨੀ ਪਾਹਿ ॥

ਲੇਖ ਦੇ ਅਰੰਭ ਵਿਚ ਭੀ ਇਹੀ ਆਖਿਆ ਗਿਆ ਸੀ ਕਿ ਮਨੁਖ ਭੁੱਖਾ ਹੀ ਜਨਮਦਾ ਹੈ ਤੇ ਭੁੱਖਾ ਰਹਿ ਕੇ ਭੁੱਖਾ ਹੀ ਮਰ ਜਾਂਦਾ ਹੈ।

ਹਉਮੈ ਬੁਝਦੀ ਨਹੀਂ, ਦਰ ਸੁਝਦਾ ਨਹੀਂ, ਚਕਰ ਚਲਦਾ ਰਹਿੰਦਾ ਹੈ। ਹਉਮੈ ਦੇ ਪ੍ਰਸੰਗ ਨਾਲ ਅਸੀਂ ਮਾਨਸਿਕ ਜਾਂ ਅਸਥੂਲ ਤ੍ਰਿਸ਼ਨਾ ਦੇ ਖੇਤਰ ਨੂੰ ਪਿਛੇ ਛਡ ਕੇ ਸੂਖਮ ਜਿਹੇ ਖੇਤਰ ਵਿਚ ਦਾਖਲ ਹੁੰਦੇ ਹਾਂ, ਜਿਥੇ ਇਨ੍ਹਾਂ ਭੁਖਾਂ ਦੀ ਸ਼ਕਲ (form) ਬਦਲ ਜਾਂਦੀ ਹੈ।

ਇਸਨੂੰ ਬੋਧਿਕ ਖੇਤਰ ਕਹਿ ਲਵੋ। ਇਸ ਵਿਚ ਪੜ੍ਹੇ ਲਿਖੇ ਲੋਗਾਂ ਦੀਆਂ ਤ੍ਰਿਸ਼ਨਾਵਾਂ-ਭੁਖਾਂ ਦਾ ਸੂਖਮ ਸਰੂਪ ਦੇਖਣ ਦਾ ਅਵਸਰ ਮਿਲਦਾ ਹੈ।

**ਖੋਜ ਬਿਰਤੀ**:—ਮਨੁਖ ਜਮਾਂਦਰੂ ਅਗਿਆਨੀ ਹੁੰਦਾ ਹੈ। ਜਿਉਂ ਜਿਉਂ ਵਡਾ ਹੁੰਦਾ ਹੈ, ਉਸ ਨੂੰ ਲਗਦਾ ਹੈ ਕਿ ਸੰਸਾਰ ਅਤੇ ਉਸਦਾ ਸਮੁਚਾ ਗਿਆਨ-ਭੰਡਾਰ ਉਸ ਨਾਲੋਂ ਬਹੁਤ ਵਡਾ ਹੈ। ਉਹ ਉਸ ਦੇ ਜਾਨਣ ਲਈ ਸਾਰੀ ਉਮਰ ਪੜ੍ਹਦਾ ਤੁਰਿਆ ਰਹਿੰਦਾ ਹੈ। ਕਦੀ ਸਾਇੰਸ, ਕਦੀ ਸਾਹਿੱਤ, ਕਦੀ ਕੁਛ ਕਦੀ ਕੁਛ। ਇਸ ਨਾਲ ਭਾਵੇਂ ਉਹ ਗੱਡੇ-ਲਦ ਗਿਆਨ ਪ੍ਰਾਪਤ ਕਰ ਲਵੇ, ਪਰ ਉਸਦੀ ਭੁਖ ਨਹੀਂ ਮਿਟਦੀ, ਸਗੋਂ ਹੋਰ ਹੋਰ ਵਧਦੀ ਜਾਂਦੀ ਹੈ। ਤੇ ਹਉਮੈ ਦਾ ਝਖਣ-ਝਾਖ ਉਸ ਦੇ ਪਲੇ ਪੈਂਦਾ ਹੈ।

ਬਿਦਿਆ ਮਹਿ ਬਿਦੁਅੰਸੀ ਰਚਿਆ, ਨੈਨ ਦੇਖ ਸੁਖੁ ਪਾਵਹਿ ॥ [ਪੰਨਾ ੬੧੩

ਇਸੇ ਤਰ੍ਹਾਂ ਸਾਇੰਸਦਾਨ ਖੋਜਾਂ ਖੋਜਦੇ ਹਨ, ਸਾਹਿੱਤਕਾਰ ਨਵੀਆਂ ਕਾਢਾਂ ਕਢਦੇ ਹਨ। ਨਵੀਆਂ


www.AKJ.Org

ਭਾਲਾਂ (discoveries) ਅਤੇ ਨਵੀਨ ਈਜਾਦਾਂ (inventions) ਇਹ ਸਭ ਰੁਚੀਆਂ ਜੀਵਨ ਦੀਆਂ ਰੀਝਾਂ ਹਨ, ਜੋ ਹਉਮੈ ਦਾ ਦੂਜਾ ਰੂਪ ਹਨ।

ਖੋਜ ਦੇ ਨਾਲ ਨਾਲ ਮਨੁਖ ਵਿਚ ਜਾਣਨ ਦੀ ਚਾਹ(curiousity) ਹੁੰਦੀ ਹੈ। ਇਹ ਤਾਂ ਹਰ ਪ੍ਰਾਣੀ ਵਿਚ ਸ਼ੁਰੂ ਤੋਂ ਹੀ ਹੁੰਦੀ ਹੈ। ਬੱਚਾ ਬੋਲੀ ਸਿਖਦਾ ਹੀ ਇਥੋਂ ਹੈ। ਮੰਮੀ ਇਹ ਕੀ ਹੈ, ਉਹ ਕੀ ਹੈ? ਵੱਡੇ ਹੋ ਕੇ ਵਿਦਿਆ ਰਾਹੀਂ ਅਸੀਂ ਇਸ ਚਾਹ ਨੂੰ ਪੂਰਨ ਕਰਦੇ ਹਾਂ। ਅਤੇ ਅਜ ਕਲ ਤਾਂ ਇਹ ਭੁੱਖ ਘਰ ਘਰ ਅਖ਼ਬਾਰਾਂ ਰਸਾਲੇ ਪੂਰੀ ਕਰਦੇ ਹਨ। ਜਿਸ ਦਿਨ ਅਖ਼ਬਾਰ ਨਾ ਪੜ੍ਹੀਏ, ਚਿਤ ਬੜਾ ਭੁੱਖਾ ਭੁੱਖਾ ਜਿਹਾ ਰਹਿੰਦਾ ਹੈ।

... ... ... ...

ਹੁਣ ਤਕ ਮਨੁਖ ਦੀਆਂ ਮਾਨਸਿਕ ਭੁੱਖਾਂ ਵਲ ਧਿਆਨ ਦਿਤਾ ਗਿਆ ਹੈ। ਪਰ ਅਜ ਤਕ ਰਜ ਨ ਕੋਈ ਜੀਵਿਆ ਕੂੜੇ ਭਰਵਾਸੇ।

ਕੀ ਆਤਮਾ ਨੂੰ ਭੀ ਭੁੱਖ ਲਗਦੀ ਹੈ? ਭਾਵ ਜੇ ਮਨ ਗਿਆਨ ਦੇ ਚਾਨਣੇ ਵਿਚ ਆਪਣੇ ਜੋਤਿ ਸਰੂਪੀ ਰੂਪ ਨੂੰ ਪਛਾਣ ਲਵੇ ਤਾਂ ਕੀ ਉਦੋਂ ਭੀ ਭੁੱਖ ਕਾਇਮ ਰਹੇਗੀ? ਅਤੇ ਉਸ ਭੁੱਖ ਦੀ ਕੀ ਰੂਪ-ਰੇਖਾ ਹੋਵੇਗੀ?

ਸਾਡੇ ਸਤਿਗੁਰਾਂ ਨੇ ਮਨੁਖ ਨੂੰ ਪੂਰੀ ਅਤੇ ਸੱਚੀ ਜੀਵਨ-ਜਾਚ ਸਿਖਾਈ ਹੈ। ਆਪ ਨੇ ਅਨੇਕਾਂ ਥਾਈਂ ਫ਼ੁਰਮਾਇਆ ਹੈ ਕਿ ਇਹ ਸੰਸਾਰਕ ਭੁੱਖਾਂ, ਮਾਨਸਿਕ ਭੁੱਖਾਂ ਕੇਵਲ ਅਗਿਆਨਤਾ ਕਰਕੇ ਹਨ। ਜਦੋਂ ਗਿਆਨ ਹੋ ਜਾਏ, ਫਿਰ ਇਹ ਭੁਖਾਂ ਆਪਣੇ ਆਪ ਵਸ ਵਿਚ ਹੋ ਜਾਂਦੀਆਂ ਹਨ। ਜਦੋਂ ਪ੍ਰਭੂ ਦਾ ਨਾਮ ਮਨੁਖ ਦਾ ਆਧਾਰ ਬਣ ਜਾਏ ਤਾਂ—

ਸਾਚੁ ਨਾਮੁ ਅਧਾਰੁ ਮੇਰਾ, ਜਿਨਿ ਭੁਖਾ ਸਭਿ
ਗਵਾਈਆ ॥ ਕਰਿ ਸਾਂਤਿ ਸੁਖੁ ਮਨਿ ਆਇ
ਵਸਿਆ ਜਿਨਿ ਇਛਾ ਸਭਿ ਪੁਜਾਈਆ ॥
[ਅਨੰਦ ਸਾਹਿਬ

ਗੁਰਮੁਖਾਂ, ਭਗਤ ਜਨਾਂ ਦੀ ਆਤਮਕ ਅਵਸਥਾ ਦਾ ਵਰਨਨ ਸਤਿਗੁਰੂ ਜੀ ਇਉਂ ਕਰਦੇ ਹਨ :—

ਗੁਰਮੁਖਿ ਅੰਤਰਿ ਸਹਜੁ ਹੈ ਮਨੁ ਚੜਿਆ
ਦਸਵੈ ਆਕਾਸਿ ॥ ਤਿਥੈ ਊਂਘ ਨ ਭੁਖ ਹੈ,
ਹਰਿ ਅੰਮ੍ਰਿਤ ਨਾਮੁ ਸੁਖ ਵਾਸੁ ॥ ਨਾਨਕ
ਦੁਖੁ ਸੁਖੁ ਵਿਆਪਤ ਨਹੀ, ਜਿਥੈ ਆਤਮ
ਰਾਮ ਪ੍ਰਗਾਸੁ ॥੧੬॥ [ਪੰਨਾ ੧੪੧੪

ਅਤੇ ਗੁਰਮਤਿ ਦਾ ਅੰਤਲਾ ਸਿੱਟਾ ਇਹ ਹੈ ਕਿ ਜਿੰਨਾ ਚਿਰ ਤਕ ਸੰਸਾਰਕ ਕਾਮ ਕ੍ਰੋਧ ਆਦਿ ਦੀਆਂ ਭੁਖਾਂ ਸਾਡੇ ਨਾਲ ਹਨ, ਉਨਾ ਚਿਰ ਤੀਕ—

ਤਿਖਾ ਤਿਹਾਇਆ ਕਿਉ ਲਹੈ ਜਾ ਸਰ
ਭੀਤਰਿ ਪਾਲਿ ? ॥੩॥
[ਵਡਹੰਸ ਮ: ੧, ਪੰਨਾ ੫੫੭

ਇਸੇ ਸ਼ਬਦ ਦੀਆਂ ਅੰਤਲੀਆਂ ਤੁਕਾਂ ਵਿਚ ਆਪ ਫੁਰਮਾਂਦੇ ਹਨ :—

ਨਾਨਕੁ ਤੇਰਾ ਬਾਣੀਆ ਤੂ ਸਾਹਿਬੁ ਮੈ
ਰਾਸਿ ॥ ਮਨ ਤੇ ਧੋਖਾ ਤਾ ਲਹੈ, ਜਾ ਸਿਫਤਿ
ਕਰੀ ਅਰਦਾਸਿ ॥੪॥੧॥ [ਪੰਨਾ ੫੫੭

(ਅਤੇ) ਭੁਖਿਆ ਭੁਖ ਨ ਉਤਰੈ ਗਲੀ ਭੁਖ ਨ
ਜਾਇ ॥ ਨਾਨਕ ਭੁਖਾ ਤਾਂ ਰਜੈ ਜਾ ਗੁਣ
ਕਹਿ ਗੁਣੀ ਸਮਾਇ ॥ [ਮ: ੨, ਪੰਨਾ ੧੪੭

ਭਾਵ ਇਹ ਹੈ ਕਿ ਪ੍ਰਭੂ ਪ੍ਰੀਤਮ ਦੇ ਅੰਮ੍ਰਿਤ-ਮਈ ਨਾਮ ਵਿਚ ਇਹ ਪਾਰਸ-ਕਲਾ ਹੈ ਕਿ ਉਹ ਹੋਰ ਬਹੁ-ਪਰਕਾਰੀ ਭੁੱਖਾਂ ਨੂੰ ਖ਼ਤਮ ਕਰ ਕੇ, ਆਤਮਾ ਨੂੰ ਰਜਾ ਪੁਜਾ ਬਣਾ ਕੇ, ਪ੍ਰਭੂ ਪ੍ਰੀਤਮ ਨਾਲ ਮੇਲ ਕਰਾ ਦਿੰਦਾ ਹੈ।

ਇਸੇ ਲਈ ਗੁਰੂ ਨਾਨਕ ਪਾਤਸ਼ਾਹ ਜੀ ਨੇ ਆਸਾ ਕੀ ਵਾਰ ਵਿਚ ਫ਼ੁਰਮਾਇਆ ਹੈ ਕਿ ਪ੍ਰਭੂ ਦੇ ਪਿਆਰਿਆਂ ਦੀਆਂ ਸਾਰੀਆਂ ਭੁਖਾਂ ਮਿਟ ਜਾਂਦੀਆਂ ਹਨ। ਉਨ੍ਹਾਂ ਨੂੰ ਕੇਵਲ—

ਨਾਨਕ ਭਗਤਾ ਭੁਖ ਸਾਲਾਹਣੁ ਸਚੁ ਨਾਮੁ
ਆਧਾਰੁ ॥ ਸਦਾ ਅਨੰਦਿ ਰਹਹਿ ਦਿਨੁ ਰਾਤੀ
ਗੁਣਵੰਤਿਆ ਪਾਛਾਰੁ ॥੧॥
[ਆਸਾ ਕੀ ਵਾਰ, ੪੬੬

—o—



www.AKJ.Org

# ਆਪਸ ਕਉ ਕਰਿ ਕਛੁ ਨ ਜਨਾਵੈ

[ਵਲੋਂ :–ਭਾਈ ਸਾਹਿਬ ਰਾਮ ਸਿੰਘ ਜੀ, ਅੰਮ੍ਰਿਤਸਰ]

ਭਾਈ ਸਾਹਿਬ ਰਾਮ ਸਿੰਘ ਜੀ ਨੇ ਇਸ ਲੇਖ ਵਿਚ ਗੁਰਸਿਖੀ ਜੀਵਨ ਲਈ ਜੋ ਸੇਧਾਂ ਦਿਤੀਆਂ ਹਨ, ਜੇ ਇਨ੍ਹਾਂ ਨੂੰ ਅਸੀਂ ਆਪਣੇ ਜੀਵਨ ਵਿਚ ਨਿਤਾਪ੍ਰਤ ਘਟਾਂਦੇ ਰਹੀਏ ਤਾਂ ਯਕੀਨੀ ਤੌਰ ਤੇ ਪਰਮਾਰਥਕ ਜ਼ਿੰਦਗੀ ਵਿਚ ਉਨਤੀ ਕਰਦੇ ਜਾਵਾਂਗੇ ।

ਕਹਿੰਦੇ ਹਨ ਕਿ ਇਕ ਦਫ਼ਾ ਫ਼ਰੀਦ ਸਾਹਿਬ ਦੇ ਪਿੰਡ ਦੇ ਕੁਝ ਮੁਸਲਮਾਨਾਂ ਨੇ ਕਾਜ਼ੀ ਪਾਸ ਸ਼ਿਕਾਇਤ ਕੀਤੀ ਕਿ ਫ਼ਰੀਦ ਹੈ ਤਾਂ ਮੁਸਲਮਾਨ, ਪਰ ਨਿਮਾਜ਼ ਨਹੀਂ ਪੜ੍ਹਦਾ, ਅਤੇ ਨਾ ਹੀ ਰੋਜ਼ੇ ਰੱਖਦਾ ਹੈ। ਤਾਂ ਕਾਜ਼ੀ ਨੇ ਕਿਹਾ, 'ਕਿ ਜੇ ਇਹ ਗੱਲ ਹੈ ਤਾਂ ਅਸੀਂ ਫ਼ਰੀਦ ਦੇ ਖ਼ਿਲਾਫ ਪੂਰੀ ਕਾਰਵਾਈ ਕਰਾਂਗੇ ਅਤੇ ਦੇਖਾਂਗੇ ਕਿ ਉਹ ਕਿਵੇਂ ਨਹੀਂ ਨਿਮਾਜ਼ ਪੜ੍ਹਦਾ।'

ਕਾਜ਼ੀ ਨੇ ਅੱਠ ਦਸ ਮੁਸ਼ਟੰਡੇ ਨਾਲ ਲੈ ਕੇ ਇਕ ਦਿਨ ਫ਼ਰੀਦ ਸਾਹਿਬ ਦੇ ਘਰ ਵਲ ਧਾਈ ਕਰ ਦਿੱਤੀ। ਘਰੋਂ ਪਤਾ ਲਗਾ ਕਿ ਫ਼ਰੀਦ ਸਾਹਿਬ ਨੇ ਖੇਤਾਂ ਵਿਚ ਖੂਹ ਜੋਇਆ ਹੋਇਆ ਹੈ। ਕਾਜ਼ੀ ਆਪਣੇ ਸਾਥੀਆਂ ਸਮੇਤ ਸਿੱਧਾ ਖੂਹ ਵਲ ਹੋ ਤੁਰਿਆ। ਫ਼ਰੀਦ ਸਾਹਿਬ ਨੇ ਕਾਜ਼ੀ ਅਤੇ ਕੁਝ ਬੰਦੇ ਆਪਣੇ ਖੂਹ ਵੱਲ ਰੁਖ਼ ਕਰੀ ਆਉਂਦੇ ਦੇਖ ਕੇ ਸੋਚਿਆ ਕਿ ਅੱਜ ਖੈਰ ਨਹੀਂ ਜਾਪਦੀ।

ਕਾਜ਼ੀ ਨੇ ਦੂਰੋਂ ਹੀ ਉੱਚੀ ਦੇਣੀ ਆਵਾਜ਼ ਨਾਲ ਫ਼ਰੀਦ ਜੀ ਨੂੰ ਕਿਹਾ, ' ਬੈਲ ਖੜੇ ਕਰ ਦੇ।'' ਫ਼ਰੀਦ ਸਾਹਿਬ ਨੇ ਬੈਲਾਂ ਨੂੰ ਛੇੜ ਕੇ ਹੋਰ ਤੇਜ਼ ਕਰ ਦਿਤਾ ਅਤੇ ਕਾਜ਼ੀ ਵਲ ਧਿਆਨ ਹੀ ਨਾ ਦਿੱਤਾ। ਕਾਜ਼ੀ ਨੇ ਫ਼ਰੀਦ ਸਾਹਿਬ ਨੂੰ ਮੁੜ ਬੈਲ ਖੜੇ ਕਰਨ ਲਈ ਕਿਹਾ। ਪਰ ਫ਼ਰੀਦ ਸਾਹਿਬ ਬੈਲਾਂ ਨੂੰ ਮੱਠਾ ਪੈਣ ਹੀ ਨਾ ਦੇਣ ਅਤੇ ਦਬਾ ਦਬ ਖੂਹ ਗੇੜੀ ਜਾਣ। ਤਾਂ ਕਾਜ਼ੀ ਨੇ ਸੋਚਿਆ 'ਕਿ ਕੋਈ ਗੱਲ ਨਹੀਂ, ਅਸੀਂ ਇਸ ਨੂੰ ਚਲਦੇ ਚਲਦੇ ਨੂੰ ਹੀ ਪੁੱਛ ਲੈਂਦੇ ਹਾਂ।'

ਇਹ ਵਿਚਾਰ ਕੇ ਕਾਜ਼ੀ ਨੇ ਫ਼ਰੀਦ ਸਾਹਿਬ ਨੂੰ ਮੁਖ਼ਾਤਿਬ ਕਰ ਕੇ ਪੁੱਛਿਆ, ''ਕੀ ਤੂੰ ਮੁਸਲਮਾਨ ਹੈਂ ?'' ਫ਼ਰੀਦ ਜੀ ਬੈਲਾਂ ਦੇ ਪਿੱਛੇ ਪਿੱਛੇ ਤੁਰੀ ਜਾਂਦੇ ਹੀ ਕਹਿਣ ਲੱਗੇ, ''ਵਊ ਵਊ ਵਊ''। ਕਾਜ਼ੀ ਨੇ ਫਿਰ ਪੁੱਛ ਕੀਤੀ ਅਤੇ ਫ਼ਰੀਦ ਜੀ ਵੱਲੋਂ ਓਹੋ ਉੱਤਰ ਮਿਲਿਆ। ਕਾਜ਼ੀ ਫਿਰ ਕਹਿਣ ਲੱਗਾ, ''ਤੂੰ ਰੋਜ਼ੇ ਰੱਖਦਾ ਹੈਂ ਕਿ ਨਹੀਂ ?'' ਫ਼ਰੀਦ ਜੀ ਨੇ ਉੱਤਰ ਵਿਚ ਕਿਹਾ, ''ਵਊ ਵਊ ਵਊ ।'' ਕਾਜ਼ੀ ਫਿਰ ਰੋਹ ਨਾਲ ਬੋਲਿਆ, ''ਤੂੰ ਨਿਮਾਜ਼ ਪੜ੍ਹਦਾ ਹੈਂ ਕਿ ਨਹੀਂ ?'' ਫ਼ਰੀਦ ਸਾਹਿਬ ਨੇ ਫਿਰ ਅਗੋਂ 'ਵਊ ਵਊ ਵਊ' ਹੀ ਕੀਤਾ। ਕਾਜ਼ੀ ਕਹਿਣ ਲੱਗਾ, ''ਇਹ ਪਾਗਲ ਹੈ, ਛੋਡੋ ਇਸ ਨੂੰ।'' ਇਤਨਾ ਕਹਿ ਕੇ ਉਹ ਸਾਰੇ ਜਣੇ ਪਿੰਡ ਵਲ ਨੂੰ ਮੁੜ ਪਏ।

ਇਨ੍ਹਾਂ ਦੀ, ਪਿੱਛੇ ਮੁੜਦਿਆਂ ਜਾਂਦਿਆਂ ਦੀ ਨਿਗਾਹ ਫ਼ਰੀਦ ਸਾਹਿਬ ਦੇ ਇਕ ਮੁਰੀਦ ਉੱਤੇ ਪੈ ਗਈ, ਜਿਹੜਾ ਖੇਤਾਂ ਨੂੰ ਪਾਣੀ ਲਗਾ ਰਿਹਾ ਸੀ। ਇਨ੍ਹਾਂ ਨੇ ਸੋਚਿਆ ਕਿ ਜੇ ਫ਼ਰੀਦ ਨਹੀਂ ਨਿਮਾਜ਼ ਪੜ੍ਹਦਾ ਤਾਂ ਉਸਦਾ ਮੁਰੀਦ ਕਿਥੇ ਪੜ੍ਹਦਾ ਹੋਣਾ ਏ ? ਚਲੋ ਇਸ ਨੂੰ ਪੁਛੀਏ। ਇਤਨਾ ਕਹਿ ਕੇ ਇਹ ਸਾਰੇ ਦੇ ਸਾਰੇ ਉਸ ਮੁਰੀਦ ਵਲ ਹੋ ਤੁਰੇ। ਉਸ ਦੇ ਪਾਸ ਪਹੁੰਚ ਕੇ ਕਾਜ਼ੀ ਨੇ ਪੁੱਛ ਕੀਤੀ, ''ਕੀ ਤੂੰ ਮੁਸਲਮਾਨ ਹੈਂ ?'' ਮੁਰੀਦ ਨੇ ਉੱਤਰ ਵਿਚ ਗੱਜਵੀਂ ਅਵਾਜ਼ ਨਾਲ ਕਿਹਾ, ''ਪੱਕਾ ਮੁਸਲਮੀਨ'' । ਕਾਜ਼ੀ ਨੇ ਦੂਸਰੀ ਪੁੱਛ ਕੀਤੀ, ''ਕੀ ਤੂੰ ਨਿਮਾਜ਼ ਪੜ੍ਹਦਾ ਹੈਂ ?'' ਮੁਰੀਦ ਨੇ ਉੱਤਰ ਵਿਚ ਕਿਹਾ, ''ਬਿਲਕੁਲ ਨਹੀਂ''। ਕਾਜ਼ੀ ਨੇ ਤੀਸਰੀ ਪੁੱਛ ਕੀਤੀ, ''ਕੀ ਤੂੰ ਰੋਜ਼ੇ ਰਖਦਾ ਹੈਂ ?'' ਉੱਤਰ ਮਿਲਿਆ, ''ਬਿਲਕੁਲ ਨਹੀਂ''। ਤਾਂ ਕਾਜ਼ੀ ਨੇ ਸਾਥੀਆਂ ਨੂੰ ਹੁਕਮ ਦਿੱਤਾ, ''ਇਸ ਨੂੰ ਫੜ ਕੇ ਸਿੱਧਿਆਂ ਕਰ ਦਿਓ ।'' ਮੁਸ਼ਟੰਡਿਆਂ ਨੇ ਫੜ ਕੇ ਮੁਰੀਦ ਨੂੰ ਢਾਹ ਲਿਆ ਅਤੇ ਖ਼ੂਬ ਗੋਡਾ



www.AKJ.Org

ਘਸੁੰਨ ਵਾਹੇ। ਜਦ ਆਪਣੀ ਤਸੱਲੀ ਹੋ ਗਈ ਤਾਂ ਕਾਜ਼ੀ ਮੁਰੀਦ ਨੂੰ ਮੁਖ਼ਾਤਿਬ ਕਰ ਕੇ ਕਹਿਣ ਲੱਗਾ, "ਖ਼ਬਰਦਾਰ, ਜੇ ਮੁੜ ਕੇ ਨਿਮਾਜ਼ ਨਾ ਪੜ੍ਹੀ। ਰੋਜ਼ੇ ਭੀ ਰਖਣੇ ਹੋਣਗੇ।"

ਇਹ ਕਹਿ ਕੇ ਕਾਜ਼ੀ ਅਤੇ ਉਸ ਦੇ ਸਾਥੀ ਪਿੰਡ ਨੂੰ ਵਾਪਸ ਚਲੇ ਗਏ। ਫ਼ਰੀਦ ਸਾਹਿਬ ਨੇ ਖੂਹ ਛੱਡ ਦਿੱਤਾ ਅਤੇ ਖ਼ਿਆਲ ਆਇਆ, 'ਮਰੀਦ ਨੂੰ ਪੁੱਛੀਏ ਕਿ ਇਸ ਨੂੰ ਤਾਂ ਨਹੀਂ ਕਾਜ਼ੀ ਨੇ ਕੁਝ ਕਿਹਾ।' ਫ਼ਰੀਦ ਸਾਹਿਬ ਮੁਰੀਦ ਪਾਸ ਪਹੁੰਚੇ ਅਤੇ ਪੁੱਛਣ ਲਗੇ, "ਕਿਉਂ ਭਈ, ਕਾਜ਼ੀ ਅਤੇ ਉਸਦੇ ਸਾਥੀ ਏਧਰ ਆਏ ਸੀ, ਕਿਤੇ ਤੇਰੇ ਵੱਲ ਤਾਂ ਨਹੀਂ ਸਨ ਆਏ ? ਤੈਨੂੰ ਕੁਝ ਆਖਿਆ ਤਾਂ ਨਹੀਂ ਨੇ ?" ਮੁਰੀਦ ਕਹਿਣ ਲਗਾ, "ਜੀ, ਉਨ੍ਹਾਂ ਨੇ ਤਾਂ ਮਾਰ ਮਾਰ ਕੇ ਮੇਰੀਆਂ ਵੱਖੀਆਂ ਅੰਦਰ ਪਾ ਦਿੱਤੀਆਂ ਨੇ। ਬੜਾ ਮਾਰਿਆ ਨੇ।" ਫ਼ਰੀਦ ਸਾਹਿਬ ਨੇ ਕਿਹਾ, "ਤੂੰ ਕੁਝ ਬਣਿਆ ਹੋਵੇਂਗਾ ? ਤਾਹੀਓਂ ਮਾਰਿਆ ਨੇ। ਸਭ ਸਜਾਈਂ ਬਣਨ ਦੀਆਂ ਹੀ ਨੇ।"

* * * *

ਅਸੀਂ ਭੀ ਆਪਣੇ ਅੰਦਰ ਝਾਤ ਮਾਰ ਕੇ ਸੋਚੀਏ ਕਿ ਜੇ ਸਭ ਸਜਾਈਂ ਕੁਝ-ਬਣਨ ਦੀਆਂ ਹੀ ਨੇ ਤਾਂ ਸਾਨੂੰ ਬੜਾ ਚੌਕਸ ਰਹਿਣ ਦੀ ਲੋੜ ਹੈ। ਉਹ ਕਿਵੇਂ ? ਉਹ ਇਸ ਤਰ੍ਹਾਂ :—

(੧) ਜੇ ਅਸੀਂ ਦੂਸਰੇ ਗੁਰਸਿਖਾਂ ਨਾਲੋਂ ਆਪਣੇ ਆਪ ਨੂੰ ਚੰਗਾ ਰਹਿਤਵਾਨ, ਚੰਗਾ ਨਿਤਨੇਮੀ, ਅਤੇ ਸਭ ਤੋਂ ਪਹਿਲੋਂ ਉਠ ਕੇ ਅੰਮ੍ਰਿਤ ਵੇਲਾ ਸੰਭਾਲਣ ਵਾਲਾ ਗੁਰਸਿਖ ਦੱਸਣ ਦਾ ਯਤਨ ਕਰੀਏ, ਤਾਂ ਅਸੀਂ ਇਹ ਜਾਣ ਲਈਏ ਕਿ ਅਸੀਂ ਗੁਰਸਿੱਖੀ ਤੋਂ ਅਜੇ ਬਹੁਤ ਦੂਰ ਹਾਂ।

(੨) ਜੇ ਅਸੀਂ ਇਹ ਸਮਝ ਬਹੀਏ ਕਿ ਅਸੀਂ ਬੜੀ ਵਧੀਆ ਜੋੜੀ ਅਤੇ ਖੜਤਾਲਾਂ ਵਜਾ ਕੇ ਕੀਰਤਨ ਨੂੰ ਚੱਕ ਦੇਂਦੇ ਹਾਂ, ਕੀਰਤਨ ਵਿਚ ਜਾਨ ਪਾ ਦੇਂਦੇ ਹਾਂ ਅਤੇ ਜੇ ਅਸੀਂ ਨਾ ਹੋਈਏ ਤਾਂ ਜੋੜੀ ਆਦਿ ਦਾ ਕੰਮ ਢਿੱਲਾ ਹੀ ਰਹਿੰਦਾ ਹੈ। ਤਾਂ ਯਕੀਨ ਜਾਣੀਏ ਕਿ ਐਸਾ ਖ਼ਿਆਲ ਘਾਟੇਵੰਦੀ ਸੌਦਾ ਹੈ।

(੩) ਜੇ ਇਹ ਸਮਝੀਏ ਕਿ ਅਸੀਂ ਸੋਹਣੀ ਸੁਰ, ਤਾਲ ਅਤੇ ਆਵਾਜ਼ ਨਾਲ ਕੀਰਤਨ ਕਰ ਕੇ ਸੰਗਤਿ ਨੂੰ ਬੰਨ੍ਹ ਲੈਂਦੇ ਹਾਂ, ਸਾਥੋਂ ਬਿਨਾਂ ਕੀਰਤਨ-ਸਮਾਗਮ ਸੁੱਕ-ਭਰੂਰਾ ਹੀ ਰਹਿੰਦਾ ਹੈ, ਤਾਂ ਸਮਝ ਲਈਏ ਕਿ ਕੁਝ ਨਹੀਂ ਖੱਟਿਆ। ਸਗੋਂ ਗਵਾਇਆ ਹੀ ਹੈ।

(੪) ਜੇ ਇਹ ਸਮਝੀਏ ਕਿ ਅਸੀਂ ਬੜੇ ਸਰਲ, ਸ਼ੁੱਧ ਅਤੇ ਤੇਜ਼ ਅਖੰਡ ਪਾਠੀ ਹਾਂ, ਸਾਥੋਂ ਬਿਨਾਂ ਅਖੰਡ ਪਾਠ ਦਾ ਰੰਗ ਹੀ ਨਹੀਂ ਬੱਝਦਾ, ਤਾਂ ਯਕੀਨ ਜਾਣੀਏ ਕਿ ਕੁਝ ਹੱਥ ਨਹੀਂ ਆਇਆ।

(੫) ਜੇ ਇਹ ਸਮਝੀਏ ਕਿ ਲੰਗਰ ਦਾ ਚੰਗਾ ਪ੍ਰਬੰਧ ਕੋਈ ਵਿਰਲਾ ਹੀ ਸਾਡੇ ਜੈਸਾ ਕਰ ਸਕਦਾ ਹੈ, ਇਸ ਲਈ ਜਣੇ ਖਣੇ ਸੇਵਾਦਾਰ ਦੇ ਨੁਕਸ ਕੱਢਦੇ ਫਿਰੀਏ, ਤਾਂ ਸਮਝ ਲਈਏ ਕਿ ਸੇਵਾ ਬਿਰਥੀ ਹੀ ਗਈ।

(੬) ਜੇ ਇਹ ਸਮਝੀਏ ਕਿ ਅਸੀਂ ਬੜੇ ਸੁਚਮਧਾਰੀ ਰਹਿਤਵਾਨ ਬਿਬੇਕੀ ਖਾਲਸੇ ਹਾਂ ਅਤੇ ਬਾਕੀ ਦੀ ਲੁਕਾਈ ਢਿੱਲ-ਮਢਿੱਲੀ ਹੀ ਫਿਰਦੀ ਹੈ, ਤਾਂ ਵਿਸ਼ਵਾਸ ਕਰ ਲਈਏ ਕਿ ਸਿੱਖੀ ਸਾਥੋਂ ਬਹੁਤ ਦੂਰ ਹੈ।

(੭) ਜੇ ਅਸੀ ਇਹ ਦੱਸਣ ਦੀ ਕੋਸ਼ਸ਼ ਕਰੀਏ ਕਿ ਅਸੀਂ ਤਾਂ ਪੱਕੇ ਸਰਬ-ਲੋਹੀਏ ਹਾਂ, ਖਾਣ ਪੀਣ ਵਿਚ ਟਸ ਤੋਂ ਮਸ ਨਹੀਂ ਹੋਣ ਦੇਂਦੇ ਅਤੇ ਬਾਕੀ ਦੀ ਦੁਨੀਆ ਈ ਐਵੇਂ ਕੱਚ-ਘਰੜ ਹੀ ਇਕੱਠੀ ਹੋਈ ਪਈ ਹੈ, ਤਾਂ ਸਮਝ ਲਈਏ ਕਿ ਹਉਮੈ ਨੂੰ ਪੱਠੇ ਪਾ ਕੇ ਸਮਾਂ ਗੰਵਾ ਰਹੇ ਹਾਂ।

(੮) ਜੇ ਅਸੀਂ ਆਪਣੇ ਆਪ ਨੂੰ ਪੰਚਾਂ ਦੀ ਸੇਵਾ ਵਾਸਤੇ ਅਤਿ ਜ਼ਰੂਰੀ ਜਾਣੀਏ ਅਤੇ ਸੋਚੀਏ ਕਿ ਸਾਥੋਂ ਬਿਨਾਂ ਅੰਮ੍ਰਿਤ ਦਾ ਕਲਾ-ਕ੍ਰਿਸ਼ਮੀ ਬਾਟਾ ਹੀ ਨਹੀਂ ਤਿਆਰ ਹੋ ਸਕਦਾ



www.AKJ.Org

ਤਾਂ ਪੱਥਰ ਉੱਤੇ ਲੀਕ ਜਾਣੀਏ ਕਿ ਗੁਰਸਿਖ ਬਣ ਕੇ ਵੀ ਕੁਝ ਨਾ ਖੱਟਿਆ ।

(੯) ਜੇ ਅਸੀਂ ਆਪਣੇ ਆਪ ਨੂੰ ਸਿਰ-ਕੱਢਵਾਂ ਦਾਨੀ, ਪਰਉਪਕਾਰੀ ਜਾਂ ਸਲਾਹਕਾਰ ਠਾਣ ਲਈਏ, ਤਾਂ ਵਿਸ਼ਵਾਸ ਕਰ ਲਈਏ ਕਿ ਅਸੀਂ ਹਉਮੈ ਦੇ ਪੈਖੜਾਂ ਵਿਚ ਹੀ ਵਿਚਰ ਰਹੇ ਹਾਂ ।

ਉਪਰ ਦਰਸਾਈਆਂ ਹਉਮੈ ਭਰੀਆਂ ਕਰਤੂਤਾਂ ਦਾ ਫਲ ਸਾਨੂੰ ਕੀ ਮਿਲੇਗਾ ?

"ਜਬ ਇਹ ਜਾਨੈ ਮੈ ਕਿਛੁ ਕਰਤਾ ॥ ਤਬ ਲਗੁ ਗਰਭ ਜੋਨਿ ਮਹਿ ਫਿਰਤਾ ॥"

ਇਹ ਫਲ ਮਿਲੇਗਾ । ਜੇ ਸਮੇਂ ਦੀ ਥੁੜੋਂ ਕਰਕੇ ਜਾਂ ਕਿਸੇ ਹੋਰ ਮਜਬੂਰੀ ਕਾਰਨ ਪ੍ਰਬੰਧਕ ਜਨ ਸਾਨੂੰ ਕੀਰਤਨ ਕਰਨ ਦਾ ਅਉਸਰ ਨਹੀਂ ਬਖ਼ਸ਼ਦੇ ਤਾਂ ਅਸੀਂ ਆਪਣੇ ਮਨ ਵਿਚ ਔਖੇ ਨਾ ਹੋਏ ਫਿਰੀਏ । ਇਸ ਤਰ੍ਹਾਂ ਅਸੀਂ ਆਪਣੀ ਹਉਮੈ ਦੀ ਪ੍ਰਵਰਿਸ਼ ਕਰਦੇ ਹਾਂ । ਧਿਆਨ ਲਾ ਕੇ ਪ੍ਰੇਮ ਸਹਿਤ ਕੀਰਤਨ ਸੁਣਨਾ ਅਤੇ ਕੀਰਤਨ ਕਰਨਾ ਇਕੋ ਜਿਹਾ ਅਨੰਦ ਅਤੇ ਫਲਦਾਇਕ ਹੈ । ਸਗੋਂ ਸੁਣਨ ਵਾਲਿਆਂ ਦਾ ਜ਼ਿਆਦਾ ਨੰਬਰ ਲੈ ਜਾਣ ਦਾ ਚਾਨਸ ਹੈ । ਹਉਮੈ ਭਾਵੇਂ ਕਿਸੇ ਰੂਪ ਵਿਚ ਸਾਡੇ ਉੱਤੇ ਹੱਥ ਫੇਰਦੀ ਹੋਵੇ, ਇਹ ਸਾਨੂੰ ਗਰਭ ਜੂਨੀ ਵਿਚੋਂ ਹਰਗਿਜ਼ ਨਹੀਂ ਨਿਕਲਣ ਦੇਵੇਗੀ । ਹਉਮੈ ਨਾਮ ਗਰਭ ਜੋਨ ਕਾ ।

ਸਤਿਗੁਰ ਸਚੇ ਪਾਤਸ਼ਾਹ ਮੇਹਰ ਕਰਨ, ਸਾਨੂੰ ਆਪਣਾ ਆਪ ਨਿਵਾਰਨ ਦੀ ਸੂਝ ਬਖ਼ਸ਼ਣ ਅਤੇ 'ਗੁਰਮੁਖਿ–ਰਿਦੈ–ਗਰੀਬੀ–ਆਵੈ" ਵਾਲੀ ਸੁਰਤ ਬਖ਼ਸ਼ਣ ਤਾਂ ਜੁ ਗੁਰ-ਦਰਸਾਏ ਸ਼ੁਭ ਗੁਣਾਂ––ਰਹਿਤ ਬਹਿਤ, ਸੇਵਾ, ਪਰਉਪਕਾਰ, ਪਾਠ, ਕੀਰਤਨ, ਰਾਗ, ਸਾਜ, ਬਿਬੇਕ, ਆਦਿ––ਦੇ ਹੋਂਦਿਆਂ ਅਸੀਂ ਗੁਰਸਿਖ-ਜਗਤ ਵਿਚ ਨਿਮਾਣੇ ਹੋ ਕੇ ਵਿਚਰੀਏ ਅਤੇ ਆਪਣੇ ਆਪ ਨੂੰ ਕੁਝ ਨਾ ਜਾਣਾਈਏ, ਅਤੇ ਸਤਿਗੁਰਾਂ ਅੱਗੇ ਅਰਦਾਸ ਕਰੀਏ ਕਿ ਸਾਨੂੰ "ਜੇਤੀ ਸ੍ਰਿਸਟਿ ਕਰੀ ਜਗਦੀਸਰਿ ਤੇ ਸਭਿ ਊਚ ਹਮ ਨੀਚ ਬਿਖਿਆਸ ॥" ਵਾਲੀ ਰੁਚੀ ਬਖ਼ਸ਼ਣ ਦੀ ਕਿਰਪਾ ਕਰਨ । ਸਚੇ ਪਾਤਸ਼ਾਹ ਸਾਡੇ ਉੱਤੇ ਐਸੀ ਕਿਰਪਾ ਕਰਨ ਕਿ ਸਾਡਾ ਵਾਸਤਾ ਕੇਵਲ, ਕੇਵਲ, ਕੇਵਲ ਨਾਮੁ, ਬਾਣੀ, ਕੀਰਤਨ, ਸੇਵਾ ਅਤੇ ਗੁਰਸਿਖੀ ਰਹਿਤ ਮਰਯਾਦਾ ਨਾਲ ਹੀ ਰਹੇ ।

ਵਾਧ-ਘਾਟ ਵੱਲੋਂ ਦਾਸ ਖਿਮਾ ਦਾ ਜਾਚਕ ਹੈ ।

ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹ ॥

---

## ੧੦੦) ਦੇ ਕੇ 'ਸੂਰਾ' ਦੇ ਪੱਕੇ ਮੈਂਬਰ ਬਣ ਜਾਓ

'ਸੂਰਾ' ਮਾਸਕ ਪੱਤਰ ਦੇ ਸਭ ਪ੍ਰੇਮੀ ਸੱਜਣਾਂ ਦੇ ਪਾਸ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਤੇ ਸਾਡੇ ਸੁਖਾਲ ਲਈ ਆਪ ਜੀ ਇਕ ਇਕ ਸੌ ਰੁਪਿਆ ਭੇਜ ਕੇ ਸਾਰੀ ਜ਼ਿੰਦਗੀ ਲਈ ਪੱਕੇ ਮੈਂਬਰ ਬਣ ਜਾਓ । ਇਹ ਰਕਮ ਆਪ ਦੀ ਅਮਾਨਤ ਰਹੇਗੀ । ਇਹ ਸੌ ਰੁਪਿਆ ਬੈਂਕ ਵਿਚ ਆਪ ਦੇ ਨਾਂ ਫ਼ਿਕਸ ਡੀਪਾਜ਼ਿਟ ਜਮ੍ਹਾਂ ਕਰਵਾ ਦਿਤਾ ਜਾਵੇਗਾ । ਇਸ ਰਕਮ ਦਾ ਸੂਦ 'ਸੂਰਾ' ਪੱਤਰ ਨੂੰ ਚੰਦੇ ਵਜੋਂ ਮਿਲਦਾ ਰਹੇਗਾ । ਜਦੋਂ ਆਪ ਚਾਹੋ, ਇਹ ਰਕਮ ਵਾਪਸ ਲੈ ਸਕਦੇ ਹੋ । ਪੰਜ ਸਾਲ ਤੋਂ ਪਹਿਲਾਂ ਮਾਮੂਲੀ ਕਟੌਤੀ ਹੋ ਜਾਂਦੀ ਹੈ ।

### ਪਰਦੇਸਾਂ ਲਈ ਅਮਾਨਤੀ ਲਾਈਫ਼ ਮੈਂਬਰ

**ਹਵਾਈ ਡਾਕ**–ਯੂ. ਕੇ. ਅਫ਼ਰੀਕਾ ਆਦਿ 650/– ਮਲਾਇਆ ਸਿੰਘਾਪੁਰ ਤੇ ਅਰਬ ਆਦਿ 500/–

ਅਮਰੀਕਾ ਕੈਨੇਡਾ ਆਦਿ 750/– **ਸਮੁੰਦਰੀ ਡਾਕ**–ਸਭ ਥਾਈਂ 250/–

ਮਨੀਆਰਡਰ ਜਾਂ ਬੈਂਕ ਡਰਾਫ਼ਟ ਹੇਠ ਲਿਖੇ ਪਤੇ ਤੇ ਭੇਜੋ । ਚੈਕ ਦੀ ਹਾਲਤ ਵਿਚ ਬੈਂਕ ਕਮਿਸ਼ਨ ੩) ਵਧ ਭੇਜੋ ਜੀ ।

**ਮੈਨੇਜਰ ਸੂਰਾ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ**



www.AKJ.Org

# ਚਾਰਬਾਗ਼ ਪੰਜਾਬ ਬਾਰੇ

[ਵਲੋਂ: --ਕੈਪਟਨ ਸਵਰਨ ਸਿੰਘ ਜੀ, ਘਰਿਆਣਾ]

ਡਾਕਟਰ ਕਿਰਪਾਲ ਸਿੰਘ ਦੇ ਦਿਤੇ ਸਪੱਸ਼ਟੀ-ਕਰਣ ਦੇ ਸਬੰਧ ਵਿਚ !

੨੯ ਅਪ੍ਰੈਲ ੧੯੭੬ ਦੇ ਖ਼ਾਲਸਾ ਸਮਾਚਾਰ ਦੇ ਪਰਚੇ ਵਿਚ ਡਾਕਟਰ ਕਿਰਪਾਲ ਸਿੰਘ ਨੇ ਉਪਰੋਕਤ ਪੁਸਤਕ, ਜੋ ਕਿ ਉਨ੍ਹਾਂ ਆਪ ਐਡਿਟ ਕੀਤੀ ਹੈ, ਬਾਰੇ ਆਪਣਾ ਸਪੱਸ਼ਟੀਕਰਣ ਦਿਤਾ ਹੈ । ਉਨ੍ਹਾਂ ਦੀਆਂ ਇਹ ਸਤਰਾਂ "ਹਰ ਸਮੇਂ ਇਤਿਹਾਸ ਲਿਖਣ ਵਾਲਾ ਬੀਤੇ ਹਾਲਾਤ ਨੂੰ...... ਕਿਸੇ ਪੁਰਾਣੇ ਲੇਖਕ ਨੂੰ ਸਾਰੇ ਇਤਿਹਾਸ ਲਈ ਪ੍ਰਮਾਣੀਕ ਅਤੇ ਅਭੁਲ ਮੰਨ ਲੈਣਾ ਇਕ ਵੱਡੀ ਗ਼ਲਤੀ ਹੈ।" ਉਨ੍ਹਾਂ ਦਾ ਸਪੱਸ਼ਟੀਕਰਣ ਜੇ ਇਨ੍ਹਾਂ ਲਾਈਨਾਂ ਦੀ ਰੋਸ਼ਨੀ ਵਿਚ ਹੁੰਦਾ ਤਾਂ ਕਾਫੀ ਹੱਦ ਤਕ ਇਸ ਕਿਤਾਬ ਤੇ ਜੋ ਲੈ-ਦੇ ਹੋਈ ਹੈ ਅਤੇ ਗਰਮਾ-ਗਰਮੀ ਚਲ ਰਹੀ ਹੈ, ਉਸ ਉਤੇ ਪਾਣੀ ਤੋਂ ਕਿਆ ਜਾਂਦਾ। ਪਰ ਜੋ ਕੁਝ ਉਨ੍ਹਾਂ ਇਸ ਤੋਂ ਅਗੇ ਸਪੱਸ਼ਟੀਕਰਣ ਦੇ ਰੂਪ ਵਿਚ ਲਿਖਿਆ ਹੈ ਉਸ ਨਾਲ ਉਨ੍ਹਾਂ ਦੀ ਆਪਣੀ ਤਾਂ ਬੇਸ਼ਕ ਤਸੱਲੀ ਹੋ ਗਈ ਹੋਵੇ, ਪਰ ਜਿਨ੍ਹਾਂ ਦੇ ਜਜ਼ਬਾਤ ਵਲੂੰਧਰੇ ਗਏ ਹਨ, ਉਨ੍ਹਾਂ ਦੀ ਤਸੱਲੀ ਨਹੀਂ ਹੁੰਦੀ।

ਉਨ੍ਹਾਂ ਗਨੇਸ਼ ਦਾਸ ਵਡੈਹਰਾ ਨੂੰ ਕਿਸੇ ਹੱਦ ਤਕ ਬਰੀ ਕਰਨ ਦੀ ਕੋਸ਼ਿਸ਼ ਵੀ ਕੀਤੀ ਹੈ। ਅਤੇ ਆਪ ਵੀ ਜੋ ਨਾਮਣਾ ਕਿਤਾਬ ਐਡਿਟ ਕਰ ਕੇ ਖਟਣ ਦੀ ਖੇਚਲ ਕੀਤੀ ਹੈ, ਉਸਨੂੰ ਵੀ ਬਰਕਰਾਰ ਰਖਣਾ ਚਾਹਿਆ ਹੈ। ਸ੍ਰੀ ਗਨੇਸ਼ ਦਾਸ ਵਡੈਹਰਾ ਦੇ ਗਿਆਨ ਦੇ ਸੋਮੇ ਚਾਹੇ ਕੁਝ ਵੀ ਹੋਣ, ਪਰ ਉਸਨੇ ਜੋ ਕੁਝ ਲਿਖਿਆ ਹੈ ਉਸਨੇ ਇਕ ਨਿਰਪੱਖ ਤੇ ਨਿਗਰ ਇਤਿਹਾਸਕਾਰ ਦੇ ਦ੍ਰਿਸ਼ਟੀਕੋਣ ਤੋਂ ਨਹੀਂ ਲਿਖਿਆ। ਸਗੋਂ ਆਪਣੀ ਕਿਤਾਬ ਵਿਚ ਐਸੀਆਂ ਸੁਣੀਆਂ-ਸੁਣਾਈਆਂ ਜਾਂ ਆਪ-ਹੁਦਰੀਆਂ ਗੱਲਾਂ ਵੀ ਲਿਖ ਮਾਰੀਆਂ ਹਨ ਜਿਨ੍ਹਾਂ ਦਾ ਕੋਈ ਸਿਰ ਪੈਰ ਨਹੀਂ ਅਤੇ ਇਤਿਹਾਸਕ ਪਖੋਂ ਉਨ੍ਹਾਂ ਦਾ ਕੌਡੀ ਵੀ ਮੁੱਲ ਨਹੀਂ।

ਫਿਰ ਐਡੀਟਰ ਦਾ ਵੀ ਕੋਈ ਫ਼ਰਜ਼ ਹੁੰਦਾ ਹੈ। ਅੰਗਰੇਜ਼ਾਂ ਨੇ ਭਾਵੇਂ ਇਹ ਕਿਤਾਬ ਨਾ ਵੀ ਲਿਖਵਾਈ ਹੋਵੇ, ਪਰ ਵਡੈਹਰਾ ਨੇ ਗੁਜਰਾਤ ਦੇ ਡਿਪਟੀ ਕਮਿਸ਼ਨਰ ਸਰ ਰਿਚਰਡ ਟੈਂਪਲ ਨੂੰ ਹੀ ਖੁਸ਼ ਕਰਨ ਲਈ ਅਤੇ ਇਸ ਤਰ੍ਹਾਂ ਅੰਗਰੇਜ਼ਾਂ ਤੋਂ ਥਾਪੀ ਲੈਣ ਲਈ ਹੀ ਇਹ ਕਿਤਾਬ ਲਿਖੀ ਜਾਪਦੀ ਹੈ, ਜਿਸ ਤਰ੍ਹਾਂ ਕਿ ਉਹ ਇਸਦੇ ਸ਼ੁਰੂ ਵਿਚ ਹੀ ਮੰਨਦਾ ਹੈ। ਅੰਗਰੇਜ਼ਾਂ ਦੀ ਜੋ ਬਾਬ ਖ਼ਾਲਸਾ ਫ਼ੌਜ ਨੇ ਕੀਤੀ ਸੀ ਉਹ ਅੰਗਰੇਜ਼ਾਂ ਨੂੰ ਅਜੇ ਭੁਲੀ ਨਹੀਂ ਸੀ, ਸਗੋਂ ਉਸ ਮਾਰ ਦੀ ਸੋਜ ਉਨ੍ਹਾਂ ਦੇ ਪਿੰਡੇ ਤੇ ਅਜੇ ਵੀ ਮੌਜੂਦ ਸੀ। ਲੇਖਕ ਨੇ ਇਹ ਪੁਸਤਕ ਲਿਖ ਕੇ ਸਿਖਾਂ ਨੂੰ ਛੁਟਿਆਇਆ ਅਤੇ ਗੁਰੂ ਸਾਹਿਬਾਨ ਦਾ ਅਪਮਾਨ ਕੀਤਾ ਅਤੇ ਪੂਰੀ ਮੱਕਾਰੀ ਨਾਲ ਅੰਗਰੇਜ਼ਾਂ ਦੇ ਸਜਰੇ ਜ਼ਖ਼ਮਾਂ ਤੇ ਮਰਹਮ ਰਖਣ ਦਾ ਉਪਰਾਲਾ ਕੀਤਾ। ਉਸ ਦਾ ਇਹ ਯਤਨ ਨਵੇਂ ਸਹੇੜੇ ਮਾਲਕ ਤੋਂ ਚੰਦ ਬੁਰਕੀਆਂ ਬਟੋਰਨ ਦਾ ਹੀਲਾ ਹੀ ਜਾਪਦਾ ਹੈ।

ਦਬਿਸਤਾਨੇ-ਮਜ਼ਾਹਿਬ ਨੂੰ ਇਕ ਮੁਸੱਦਕਾ ਕਿਤਾਬ ਨਹੀਂ ਮੰਨਿਆ ਜਾ ਸਕਦਾ। ਸਰਸਰੀ ਨਿਗਾਹ ਨਾਲ ਪੜ੍ਹਨ ਵਾਲਾ ਵੀ ਫ਼ੌਰਨ ਰਾਏ ਕਾਇਮ ਕਰੇਗਾ ਕਿ ਇਹ ਨਿਰਪਖ ਲਿਖਤ ਹੋਣਾ ਤਾਂ ਕਿਧਰੇ ਰਿਹਾ, ਸਗੋਂ ਇਕ ਤੁਅਸਬ ਵਿਚ ਲਿਬੜੀ ਹੋਈ, ਵਰਕਿਆਂ ਨੂੰ ਦਿਤੀ ਗਈ ਕਾਲਖ ਹੈ। ਸਿਖਾਂ ਬਾਰੇ ਜਦ "ਫੜ ਲੋ! ਮਾਰ ਲੋ! ਮਾਰ ਲੋ!" ਹੋ ਰਹੀ ਸੀ, ਕੌਣ ਸੀ ਜੋ ਉਸ ਵੇਲੇ ਉਨ੍ਹਾਂ ਬਾਰੇ ਨਿਰਪੱਖਹੋ ਕੇ ਲਿਖਦਾ। ਸਿਖ ਸਮੁਚੇ ਤੌਰ ਤੇ ਬਾਗੀ ਅਤੇ ਇਨ੍ਹਾਂ ਨੂੰ ਬਰਬਾਦ ਕਰਨ ਵਾਲੇ ਗਾਜ਼ੀ ਸਨ। ਜੋ ਸਿਖਾਂ ਤੇ ਜ਼ੁਲਮ ਹੋਏ ਹਨ, ਹੈ ਸੀ ਕੋਈ ਮਾਈ ਦਾ ਲਾਲ ਜੋ ਇਕ-ਸ਼ਖਸੀ ਹਕੂਮਤ ਦੇ ਮੁਕਾਬਲੇ ਤੇ ਉਸ ਵੇਲੇ ਦੇ ਬਾਦਸ਼ਾਹ ਜਾਂ ਹਾਕਮਾਂ ਦੇ ਖ਼ਿਲਾਫ਼, ਉਨ੍ਹਾਂ ਦੇ ਖ਼ੂਨੀ ਕਾਰਿਆਂ ਦੀ ਸਹੀ ਤਸਵੀਰ ਪੇਸ਼ ਕਰਨ ਦੀ ਜੁਰਅਤ ਕਰਦਾ, ਸਿਖਾਂ ਦਾ ਸਹੀ ਰੋਲ ਦਸਦਾ ਅਤੇ ਆਪਣਾ ਬਾਲ-ਬੱਚਾ ਕੋਹਲੂ ਵਿਚ ਵੀ ਪੜਵਾਉਂਦਾ ? 'ਦਬਿਸਤਾਨੇ-



www.AKJ.Org

ਮਜ਼ਾਹਿਬ' ਵੀ ਉਸੇ ਸਮੇਂ ਦੀ ਉਪਜ ਹੈ। ਇਹ ਵੀ ਸੱਚ ਉਤੇ ਝੂਠ ਤੁਅਸਬ ਦਾ ਮੁਲਹਮਾ ਹੈ ਅਤੇ ਤੁਅਸਬ ਭਰੀ ਨਕਸ਼ਾ-ਨਿਗਾਰੀ ਹੈ । ਸਿਖ ਗੁਰੂ ਸਾਹਿਬਾਨ ਅਤੇ ਸਿਖਾਂ ਦੇ ਹਾਲਾਤ ਇਕੱਲੀ ਦਬਿਸਤਾਨੇ-ਮਜ਼ਾਹਿਬ ਤੇ ਹੀ ਨਿਰਭਰ ਨਹੀਂ, ਹੋਰ ਸਮਕਾਲੀ ਪੁਸਤਕਾਂ ਅਤੇ ਸੀਨਾ ਬਸੀਨਾ ਚਲੀਆਂ ਆਉਂਦੀਆਂ ਰਵਾਇਤਾਂ ਦੀ ਵੀ ਖਾਸ ਮਹੱਤਤਾ ਹੈ ।

ਡਾਕਟਰ ਸਾਹਿਬ ਫੁਰਮਾਉਂਦੇ ਹਨ, "ਚਾਰ ਬਾਗ ਪੰਜਾਬ ਦੇ ਕਰਤਾ ਗਨੇਸ਼ ਦਾਸ ਵਡੈਹਰਾ ਦਾ ਵਤੀਰਾ ਗੁਰੂ ਸਾਹਿਬਾਨ ਪ੍ਰਤੀ ਅਦਬ ਵਾਲਾ ਹੈ ।"

ਜੇ ਪੰਜ-ਸੱਤ ਫਿਕਰੇ, ਜੋ ਸ਼ਾਇਦ ਕੁਦਰਤੀ ਉਸ ਕੋਲੋਂ ਲਿਖੇ ਗਏ ਹਨ, ਨੂੰ ਛੱਡ ਦਈਏ ਤਾਂ ਬਾਕੀ ਦੀ ਲਿਖਤ ਵਿਚ ਅਦਬ ਦੀ ਤਸਵੀਰ ਮੁਕੰਮਲ ਤੋਰ ਤੇ ਸਾਹਮਣੇ ਆ ਜਾਂਦੀ ਹੈ । ਗੁਰ ਸਾਹਿਬਾਨ ਦਾ ਜ਼ਿਕਰ ਏਨੀ ਧੂਹ-ਘਸੀਟ ਵਿਚ ਕੀਤਾ ਹੈ ਕਿ ਸਪੱਸ਼ਟ ਨਜ਼ਰ ਆਉਂਦਾ ਹੈ ਕਿ ਲਿਖਾਰੀ ਮਨੋਂ ਨਹੀਂ ਚਾਹੁੰਦਾ ਕਿ ਗੁਰੂ ਸਾਹਿਬਾਨ ਦੀ ਅਜ਼ਮਤ ਨੂੰ ਸਹੀ ਸਹੀ ਬਿਆਨ ਕਰੇ । ਉਹ ਛੜੱਪੇ ਮਾਰਦਾ ਟਪਦਾ ਜਾਂਦਾ ਹੈ। ਮਿਸਾਲ ਵਜੋਂ : ਸ੍ਰੀ ਗੁਰੂ ਨਾਨਕ ਸਾਹਿਬ ਦਾ ਹਾਲ ਇਕ ਸਫੇ ਤੋਂ ਥੋੜਾ ਜਿਹਾ ਜਿਆਦਾ ਹੈ। ਸ੍ਰੀ ਗੁਰੂ ਅੰਗਦ ਸਾਹਿਬ, ਸ੍ਰੀ ਗੁਰੂ ਅਮਰਦਾਸ ਜੀ ਤੇ ਸ੍ਰੀ ਗੁਰੂ ਰਾਮਦਾਸ ਜੀ ਦਾ ਹਾਲ ਬਾਰ੍ਹਾਂ ਸਤਰਾਂ ਵਿਚ ਹੈ । ਗੁਰੂ ਹਰਿਗੋਬਿੰਦ ਸਾਹਿਬ ਬਾਰੇ ਜੋ ਲਿਖਿਆ ਹੈ ਕਿ ਜਹਾਂਗੀਰ ਦੀ ਖ਼ਿਦਮਤ ਵਿਚ ਉਹਦੇ ਹਮ-ਰਕਾਬ ਰਹਿੰਦੇ ਸਨ ਅਤੇ ਬਾਕੀ ਰਕਮ ਦੀ (ਜੁਰਮਾਨੇ ਵਾਲੀ) ਅਦਾਇਗੀ ਦੀ ਜ਼ਾਮਨੀ ਵਲੋਂ ਇਸ ਸ਼ਾਹੀ ਠਾਠ ਨੂੰ ਵੇਖ ਕੇ ਉਨ੍ਹਾਂ ਵੀ ਸਿਪਾਹੀਆਂ ਵਾਲੀ ਰਵਸ਼ ਅਖ਼ਤਿਆਰ ਕਰ ਲਈ। ਛੇਵੇਂ ਪਾਤਸ਼ਾਹ ਦਾ ਦੋ ਕ੍ਰਿਪਾਨਾਂ ਪਾਉਣੀਆਂ ਅਤੇ ਹੋਰ ਸਭ ਕੁਝ, ਕੀ ਉਨ੍ਹਾਂ ਜਹਾਂਗੀਰ ਤੋਂ ਹੀ ਸਿਖਿਆ ਸੀ ? ਡਾਕਟਰ ਸਾਹਿਬ ਇਹ ਦਸਣ ਕਿ ਕੀ ਇਹ ਮੀਰੀ ਪੀਰੀ ਦੇ ਕਾਇਮ ਕੀਤੇ ਗਏ ਇੰਨਸਟੀਟਿਊਸ਼ਨ (ਸੰਸਥਾ) ਤੇ ਭਰਵਾਂ ਵਾਰ ਨਹੀਂ ? ਕੀ ਸਿਖਾਂ ਦੇ ਮਨ ਉਤੇ ਇਹ ਕੁਫ਼ਰ ਦਾ ਕਲਮਾ ਹਥੌੜਾ ਬਣ ਕੇ ਨਹੀਂ ਵਜਦਾ ? ਫਿਰ ਵਡੈਹਰਾ ਸਾਹਿਬ ਹਜ਼ੂਰ ਨੂੰ ਜਹਾਂਗੀਰ ਦਾ ਵੀ ਹਮ-ਰਕਾਬ ਤੇ ਕੈਪਟਿਵ (ਤਾਬੇਦਾਰ) ਦੀ ਸ਼ਕਲ ਵਿਚ ਨਹੀਂ ਰਖਦਾ ? ਕੀ ਜਹਾਂਗੀਰ ਤੋਂ ਪਿਛੋਂ ਹਜ਼ੂਰ ਨੂੰ ਸ਼ਾਹਜਹਾਂ ਦਾ ਕੈਪਟਿਵ (ਤਾਬੇਦਾਰ) ਨਹੀਂ ਦਰਸਾਉਂਦਾ ?

ਸ੍ਰੀ ਗੁਰੂ ਹਰਿ ਰਾਏ ਸਾਹਿਬ, ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਜ਼ਿਕਰ ਉਹ ਗਿਆਰਾਂ ਸਤਰਾਂ ਵਿਚ ਹੀ ਘਸੀਟ ਦੇਂਦਾ ਹੈ। ਸੋਹਣੀ ਮਹੀਂਵਾਲ ਦਾ ਜ਼ਿਕਰ ਅੱਠ ਸਫਿਆਂ ਵਿਚ, ਰਾਧੀ ਦੇ ਸਤੀ ਹੋਣ ਦਾ ਹਾਲ ਤੇਰ੍ਹਾਂ ਸਫਿਆਂ ਵਿਚ, ਹੀਰ-ਰਾਂਝੇ ਦੇ ਕਿੱਸੇ ਤੇ ਅੱਠ ਸਫ਼ੇ ਲਗੇ ਹਨ, ਹਕ਼ੀਕਤ-ਰਾਏ ਦਾ ਹਾਲ ਸਤਾਈ ਸਫਿਆਂ ਵਿਚ ਦਰਜ ਹੈ, ਮਿਰਜ਼ਾ ਸਾਹਿਬਾਂ ਲਈ ਗਿਆਰਾਂ ਸਫ਼ੇ ਦਰਕਾਰ ਹਨ, ਫ਼ਕੀਰ ਮੁਕੰਦ ਦਾਸ ਬੈਰਾਗੀ ਦਾ ਮੁਹਜਜ਼ਾ (ਕਰਾਮਾਤ) ਅੱਠਾਂ ਸਫ਼ਿਆਂ ਵਿਚ ਸਮਾਉਂਦਾ ਹੈ। ਸਾਹਿਬ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦਾ ਵਰਨਣ ਇਸ ਕੋਝੇ ਢੰਗ ਨਾਲ ਕੀਤਾ ਹੈ ਕਿ ਸ਼ਹਾਦਤ ਦਾ ਮਕਸਦ ਹੀ ਫ਼ੌਤ ਹੋ ਜਾਂਦਾ ਹੈ। ਵਡੈਹਰਾ ਇਸ ਸਾਰੀ ਖ਼ੂਨੀ ਅਤੇ ਦਰਦ-ਭਰੀ ਦਾਸ-ਤਾਨ ਨੂੰ ਜਾਣ-ਬੁਝ ਕੇ ਮੋਹਮਲ ਬਣਾ ਰਿਹਾ ਹੈ। ਜਹਾਂਗੀਰ ਤੇ ਚੰਦੂ ਨੂੰ ਬਿਲਕੁਲ ਬਰੀ ਕਰ ਦਿਤਾ ਹੈ। ਫ਼ਕੀਰ ਮੁਕੰਦ ਦਾਸ ਦੇ ਮੋਹਜਜ਼ਾ (ਕਰਾਮਾਤ) ਲਈ ਤਾਂ ਅੱਠ ਸਫ਼ੇ ਮਿਲ ਜਾਂਦੇ ਹਨ, ਪਰ ਸਾਹਿਬ ਗੁਰੂ ਤੇਗ ਬਹਾਦਰ ਦੀ ਕੁਰਬਾਨੀ ਲਈ ਸਿਰਫ਼ ਤਿੰਨ ਸਤਰਾਂ ਹੀ ਕਾਫ਼ੀ ਹਨ। ਦੇਖੋ ਸਫਾ ੧੦੯ ਦਾ ਅਖੀਰ ਅਤੇ ਸਫ਼ਾ ੧੧੦ ਦਾ ਸ਼ੁਰੂ।

**੧੧੧ ਸਫ਼ੇ ਦੀ ਚੌਥੀ ਸਤਰ ਤੋਂ "ਚੁਨਾਂਚੇ ਗੁਰੂ ਗੋਬਿੰਦ ਸਿੰਘ ਸਾਹਿਬ ਆਪਣੇ ਬਾਪ ਤੋਂ ਬਾਅਦ ੧੭੩੩ ਬਿਕ੍ਰਮੀ ਵਿਚ ਵਿਰਾਸਤ ਦੀ ਗਦੀ ਤੇ ਬੈਠਾ। ਦੁਨੀਆ ਦੇ ਐਸ਼ੋ-ਅਰਾਮ ਦਾ ਸਮਾਨ ਹਾਸਲ ਕਰਨ ਲਈ ਨਕਦ ਦੌਲਤ, ਜਿਨਸ, ਹਾਥੀ ਅਤੇ ਘੋੜੇ ਹਾਸਲ ਕਰਨ ਲਗਾ ਤੇ ਆਪ ਸਲਤਨਤ ਦਾ ਦਾਅਵਾ ਕਰਦਾ ਸੀ। ਆਪਣੇ ਬਾਪ ਦੇ ਖ਼ੂਨ ਦਾ ਬਦਲਾ ਧਰਮ-**


www.AKJ.Org

**ਰਖਿਅਕ ਬਾਦਸ਼ਾਹ (ਔਰੰਗਜ਼ੇਬ) ਤੋਂ ਚਾਹੁੰਦਾ ਸੀ।**''ਕਿਉਂ ਜਨਾਬ ਇਹ ਕਲਗੀਧਰ ਉਤੇ ਬਹੁਤਾਨ-ਤਰਾਸ਼ੀ ਨਹੀਂ ਹੈ ? ਕੀ ਤੁਹਾਡੀ ਨਿਗਾਹ ਵਿਚ ਇਹ ਅਦਬ ਵਾਲਾ ਵਤੀਰਾ ਹੈ ? ਕੋਈ ਹੈ ਇਤਿਹਾਸਕ ਸਬੂਤ, ਜਿਥੋਂ ਪਤਾ ਲਗੇ ਕਿ ਸਾਹਿਬਾਂ ਨੇ ਇਹ ਧਨ-ਪਦਾਰਥ ਇਸ ਤਰ੍ਹਾਂ ਅਤੇ ਏਸ ਮਕਸਦ ਲਈ ਇਕੱਠਾ ਕੀਤਾ ਅਤੇ ਕਿਤੇ ਸਲਤਨਤ ਹਾਸਲ ਦੀ ਖ਼ਾਹਿਸ਼ ਵੀ ਕੀਤੀ ਹੋਵੇ ? ''ਹੱਕ-ਹੱਕ ਅੰਦੇਸ਼ ਗੁਰੂ ਗੋਬਿੰਦ ਸਿੰਘ। ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ'' ਸਮਕਾਲੀ ਕਵੀ ਭਾਈ ਨੰਦ ਲਾਲ ਜੀ ਦੀ ਏਸ ਲਿਖਤ ਬਾਰੇ ਕੀ ਖ਼ਿਆਲ ਹੈ ? ਗੁਰੂ ਮਹਾਰਾਜ ਦੇ ਦਿਲ ਵਿਚ ਬਦਲੇ ਦੀ ਭਾਵਨਾ ਦਸਣਾ ਇਕ ਐਸਾ ਗੁਨਾਹ ਹੈ, ਜੋ ਕਦੀ ਮੁਆਫ਼ ਨਹੀਂ ਕੀਤਾ ਜਾਵੇਗਾ।

ਇਸੇ ਸਿਲਸਿਲੇ ਵਿਚ ਵੜੈਹਰੇ ਦਾ ਇਤਿਹਾਸਕ ਪੰਡਤ ਹੋਣ ਦਾ ਅਤੇ ਗੁਰੂ ਸਾਹਿਬਾਨ ਬਾਰੇ ਅਦਬ ਦਾ ਵਤੀਰਾ ਰਖਣ ਦਾ ਪੋਲ ਇੰਜ ਖੁਲ੍ਹਦਾ ਹੈ। ੧੧੩ ਸਫ਼ੇ ਦੀਆਂ ਅਖ਼ੀਰਲੀਆਂ ਦੋ ਸਤਰਾਂ ਤੋਂ ਪੜ੍ਹੋ **ਯਾਨੀ ''.....ਤੇ ਖ਼ੁਦ ਗੁਰੂ ਗੋਬਿੰਦ ਸਿੰਘ ਮੈਦਾਨੇ ਜੰਗ ਚੋਂ ਭਜ ਕੇ, ਮੁਸੀਬਤਾਂ ਭਰੇ ਪਹਾੜਾਂ ਅਤੇ ਦੁਸ਼ਵਾਰ-ਗੁਜ਼ਾਰ ਜੰਗਲਾਂ ਵਿਚ ਜਾ ਵੜਿਆ। ਆਪਣੇ ਬੱਚਿਆਂ ਅਤੇ ਟੱਬਰ-ਕਬੀਲੇ ਦੇ ਗ਼ਮ ਵਿਚ ਉਹਦਾ ਦਿਲ ਟੁੱਟ ਗਿਆ ਅਤੇ ਮਾਯੂਸ ਹੋ ਗਿਆ। ਦੁਨੀਆ ਦੇ ਰਸਾਂ ਤੋਂ ਦਿਲ ਚੁਕਿਆ ਗਿਆ। ਸੋਗੀਆਂ ਵਾਲਾ ਕਾਲਾ ਲਿਬਾਸ ਪਾਉਣ ਲਗ ਪਿਆ। ਸਿਰ ਦੇ ਅਤੇ ਦਾੜ੍ਹੀ ਦੇ ਵਾਲ ਮੁੰਨਾਉਣ ਵਲੋਂ ਦਿਲ ਉਪਰਾਮ ਹੋਣ ਕਰਕੇ ਈਸ਼ਵਰ ਦੀ ਭਗਤੀ ਵਿਚ ਰੁੱਝ ਗਿਆ ..।''**

ਅੱਜ ਤਕ ਸ਼ਾਇਦ ਹੀ ਕਿਸੇ ਤੁਅਸਬ ਵਿਚ ਅੰਨ੍ਹੇ ਹੋਏ ਮੁਸਲਮਾਨ ਨੇ ਇਹੋ ਜਿਹਾ ਕੁਫ਼ਰ ਕਲਗੀਧਰ ਪਾਤਸ਼ਾਹ ਦੀ ਸ਼ਾਨ ਵਿਚ ਲਿਖਿਆ ਹੋਵੇ। ਵੜੈਹਰੇ ਦਾ Chronological order (ਇਤਿਹਾਸ ਬਿਆਨ ਕਰਨ ਦੀ ਤਰਤੀਬ) ਵੀ ਧਿਆਨ ਜੋਗ ਹੈ। ਏਸ ਲੜਾਈ ਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਤੇ ਹਜ਼ੂਰ ਦੇ ਫ਼ਰਾਰ ਤੋਂ ਬਾਅਦ ਇਹ ਇਤਿਹਾਸਕਾਰ ਦਸਦਾ ਹੈ ਕਿ ਸਾਹਿਬਾਂ ਨੇ ਨੈਣਾਂ ਦੇਵੀ ਦੇ ਮਕਾਨ ਤੇ ਬੜੀ ਘੋਰ ਤਪੱਸਿਆ ਸਾਧੀ। ਤੇ ਫਿਰ ਉਸ ਨੂਰ ਚੋਂ, ਜਿਸ ਨਾਲ ਦਸਮੇਸ਼ ਜੀ ਦਾ ਦਿਲ ਭਰਪੂਰ ਸੀ, ਇਕ ਅਲ੍ਹੂੰਆਂ ਛੋਕਰਾ (ਫ਼ਰਿਸ਼ਤਾ) ਨਿਕਲਿਆ, ਜਿਸਨੂੰ ਹਜ਼ੂਰ ਨੇ ਭਗਵਤੀ ਕਿਹਾ ਅਤੇ ਸਜਦਾ ਕੀਤਾ ਅਤੇ ਉਸਦੀ ਪੂਜਾ ਕੀਤੀ (ਆਰਤੀ ਕੀਤੀ)। ਉਸ ਨੂਰਾਨੀ ਅਕਾਰ ਨੇ ਹੁਕਮ ਦਿਤਾ ਕਿ ਜਨਾਬ, ਸ੍ਰੀ ਅਕਾਲ-ਪੁਰਖ ਨੇ ਤੈਨੂੰ ਆਪਣੇ ਨਾਇਬ ਹੋਣ ਦਾ ਮਰਤਬਾ ਬਖ਼ਸ਼ਿਆ ਹੈ ਕਿ ਤੂੰ ਗੁਰੂ ਬਣ ਕੇ ਈਸ਼ਵਰ ਦੀ ਸਾਰੀ ਖ਼ਲਕਤ ਦੀ ਰਹਿਨੁਮਾਈ ਕਰੇਂ ਤੇ ਤੈਨੂੰ ਹੁਕਮ ਹੈ ਕਿ ਆਪਣੇ ਚੇਲਿਆਂ ਨੂੰ ਅੰਮ੍ਰਿਤ ਦੀ ਦਾਅਵਤ ਦੇਵੇਂ ਤੇ ਖ਼ਾਸ ਮਿਲਤ (ਖਾਲਸਾ) ਸਾਜਣ ਦਾ ਸੁਭਾਗ ਲਵੇਂ।

ਇਹ ਹੈ ਵਡੈਹਰਾ ਜੀ ਦੇ ਗਿਆਨ ਦੀ ਸਿਖਰ। ਦੇਵੀ ਅਤੇ ਹਵਨ ਵਾਲੀ ਗੱਲ ਨੂੰ ਭਲਾ ਜੇ ਇਕ ਪੱਲ ਮੰਨ ਵੀ ਲਈਏ ਤਾਂ ਕੀ ਇਹ ਸਭ ਕੁਝ ਚਮਕੌਰ ਦੇ ਯੁੱਧ ਤੋਂ ਮਗਰੋਂ ਹੋਇਆ ਸੀ ? ਇਹ ਕਿਧਰ ਦਾ ਇਤਿਹਾਸ ਹੈ ਅਤੇ ਕਿਧਰ ਦੀ ਖੋਜ ਹੈ ? ਫਿਰ ਨੂਰਾਨੀ-ਪੀਕਰ ਅਤੇ ਇਲਹਾਮ ਵਾਲੀਆਂ ਗੱਲਾਂ ਕਿਧਰ ਦੀ ਤੁੱਕ ਹੈ ? ਡਾਕਟਰ ਸਾਹਿਬ ਜੇ ਵਡੈਹਰੇ ਦੀਆਂ ਬੇਤੁਕੀਆਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਆਪਣੀ ਲਿਖਤ ਦੀ ਲਾਈਟ ਵਿਚ, ਜਿਹੜੀ ਕਿ ਪਰਬਤ ਵਰਗੀ ਅਤੇ ਅਕੱਟ ਸਚਾਈ ਹੈ, ਪੜ੍ਹਦੇ ਤਾਂ ਪਤਾ ਲਗ ਜਾਂਦਾ ਕਿ ਵਡੈਹਰਾ ਗੁਰੂ ਸਾਹਿਬਾਨ ਵਲੇ ਕਿੰਨਾ ਅਦਬ ਵਾਲਾ ਵਤੀਰਾ ਰਖਦਾ ਹੈ। ਜ਼ਰਾ ਧਿਆਨ ਦੇਵੋ ਇਨ੍ਹਾਂ ਸਤਰਾਂ ਵਲ—

ਠਾਢ ਭਯੋ ਮੈਂ ਜੋਰਿ ਕਰ
ਬਚਨ ਕਹਾ ਸਿਰ ਨਿਯਾਇ ॥
ਪੰਥ ਚਲੇ ਤਬ ਜਗਤ ਮੈ
ਜਬ ਤੁਮ ਕਰੋ ਸਹਾਇ !!

ਪਰ ਵਡੈਹਰਾ ਜੀ ਫ਼ੁਰਮਾਉਂਦੇ ਹਨ ਕਿ ਪੰਥ ਚਲਾਉਣ ਲਈ ਫ਼ਰਿਸ਼ਤਾ ਆਇਆ। ਉਸਨੂੰ ਸਜਦਾ ਕੀਤਾ ਤੇ ਉਸਦੀ ਪੂਜਾ ਕੀਤੀ। ਲੇਖਕ ਅਤੇ ਐਡੀਟਰ ਸਾਹਿਬ ਨੂੰ ਇਹ ਸਤਰਾਂ ਨਾ ਦਿਸੀਆਂ :—



www.AKJ.Org

ਤੁਮ ਸਭ ਹੀ ਤੇ ਰਹਿਤ ਨਿਰਾਲਮ ॥
ਜਾਨਤ ਬੇਦ-ਭੇਦ ਅਰ ਆਲਮ ॥
ਨਿਰੰਕਾਰ ਨ੍ਰਿਬਕਾਰ ਨਿਰਲੰਭ ॥
ਆਦਿ ਅਨੀਲ ਅਨਾਦਿ ਅਸੰਭ ॥

— — — —

ਜਵਨ ਕਾਲ ਜੋਗੀ ਸਿਵ ਕੀਓ ॥
ਬੇਦਰਾਜ ਬ੍ਰਹਮਾ ਜੂ ਥੀਓ ॥
ਜਵਨ ਕਾਲ ਸਭ ਲੋਕ ਸਵਾਰਾ ॥
ਨਮਸਕਾਰ ਹੈ ਤਾਹਿ ਹਮਾਰਾ ॥

— — — —

ਮੈਂ ਨ ਗਨੇਸਹਿ ਪ੍ਰਿਥਮ ਮਨਾਊਂ ॥
ਕਿਸਨ ਬਿਸਨ ਕਬਹੂੰ ਨਾ ਧਿਆਊਂ ॥
ਜਾਨ ਸੁਨੇ ਪਹਿਚਾਨ ਨ ਤਿਨ ਸੋ ॥
ਲਿਵ ਲਾਗੀ ਮੋਰੀ ਪਗ ਇਨ ਸੋ ॥...
ਮਹਾਕਾਲ ਰਖਵਾਰ ਹਮਾਰੋ ॥
ਮਹਾਲੋਭ ਮੈਂ ਕਿੰਕਰ ਥਾਰੋ ॥

— — — —

ਪਾਇ ਗਹੇ ਜਬ ਤੇ ਤੁਮਰੇ
ਤਬ ਤੇ ਕੋਊ ਆਂਖ ਤਰੇ ਨਹੀਂ ਆਨਯੋ ॥
ਰਾਮ ਰਹੀਮ ਪੁਰਾਨ ਕੁਰਾਨ
ਅਨੇਕ ਕਹੈਂ ਮਤ ਏਕ ਨਾ ਮਾਨਯੋ ॥

— — — —

'ਚਾਰ ਬਾਗ਼' ਪੁਸਤਕ ਦੇ ਆਈਨੇ ਖ਼ਾਲਸਾ ਵਾਲੇ ਕਾਂਡ ਦੀਆਂ ਇਹ ਸਤਰਾਂ "... ਵ ਬਰ ਬ੍ਰਾਹਮਨ ਬੇ-ਇਲਮ ਵ ਬੇ-ਪਾਹੁਲ ਏਤਮਾਦ ਨਾ ਦਾਰੇਂਦ ਕਿ ਊ ਬਚਾ ਅਸਤ।... ...ਬਾ ਮੁਸਲਮਾਨ ਹਮੇਸ਼ਾ ਜੰਗ ਕੁਨੰਦ ਕਿ ਅੰਜਾਮ ਅਜ਼ ਦੋ ਬੇਰੂੰ ਨੇਸਤ... ...।" ਅਰਥਾਤ ਕਿਸੇ ਬੇ-ਇਲਮ ਤੇ ਬੇ-ਪਾਹੁਲ ਬ੍ਰਾਹਮਣ ਤੇ ਇਤਬਾਰ ਨਾ ਕਰੋ ਕਿ ਉਹ ਬੱਚਾ ਹੈ......ਹਮੇਸ਼ਾ ਮੁਸਲਮਾਨਾਂ ਨਾਲ ਜੰਗ ਕਰੋ।" ਇਹ ਸਤਰਾਂ "ਏਕ ਪਿਤਾ ਏਕਸ ਕੇ ਹਮ ਬਾਰਿਕ" ਦਾ ਸਬਕ ਦੇਣ ਵਾਲੇ ਗੁਰੂ, ਤੇ ਸਾਂਝੀਵਾਲਤਾ ਤੇ ਵਰਨ-ਹੀਣ ਸਮਾਜ ਸਾਜਣ ਵਾਲੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਮੂੰਹੋਂ ਕਢਵਾਉਣੀਆਂ ਸਾਬਤ ਕਰਦਾ ਹੈ ਕਿ ਲੇਖਕ ਇਕ ਡੂੰਘੀ ਚਾਲ ਚਲ ਰਿਹਾ ਹੈ ਤੇ ਉਸ ਦੇ ਮਨ ਵਿਚ ਗੁਰੂ ਸਾਹਿਬਾਨ ਦਾ ਅਪਮਾਨ ਕਰਨ ਦੀ ਹੀ ਧਾਰਨਾ ਪ੍ਰਧਾਨ ਹੈ। ਅਦਬ ਤਾਂ ਕਰੋੜਾਂ ਮੀਲ ਦੂਰ ਹੈ। ਗੁਰੂ ਗੋਬਿੰਦ ਸਿੰਘ ਦੀ ਪਾਕ ਜ਼ਾਤਿ ਸ਼ਰੀਫ਼ ਨਾਲ ਕਿਡੀ ਵਡੀ ਬੇਇਨਸਾਫ਼ੀ ਹੈ! ਸਾਡੇ ਉਚੀਆਂ ਉਚੀਆਂ ਪਦਵੀਆਂ ਤੇ ਬੈਠੇ ਬਜ਼ੁਰਗ ਦਾਦ ਦਿੰਦੇ ਨਹੀਂ ਥਕਦੇ ਕਿ ਕਿਤਾਬ ਬੜੀ ਉਚ ਕੋਟੀ ਦੀ ਹੈ ਤੇ ਪੰਜਾਬ ਦੇ ਤੇ ਸਿਖਾਂ ਦੇ ਹਾਲਾਤ ਬੜੇ ਵਿਸਥਾਰ ਨਾਲ ਤੇ ਪ੍ਰਮਾਣੀਕ ਤਰੀਕੇ ਨਾਲ ਦਿੱਤੇ ਹੋਏ ਹਨ। ਕੀ ਮਿਆਰ ਹੈ ਐਸ਼ੀ ਉਚ ਕੋਟੀ ਦੀ ਸੂਝ ਦਾ। ਖ਼ੁਦਾ ਬਚਾਏ ਉਸ ਬੇੜੀ ਨੂੰ ਜਿਹੜੀ ਐਹੋ ਜਿਹੇ ਮਲਾਹਾਂ ਦੇ ਆਸਰੇ ਠਿਲ੍ਹ ਪਈ ਹੈ।

੧੧੮ ਸਫ਼ੇ ਤੇ ਬਾਬਾ ਬੰਦਾ ਸਿੰਘ ਜੀ ਬਹਾਦਰ ਦਾ ਹਾਲ ਲਿਖਦਿਆਂ ਲਿਖਿਆ ਹੈ ਕਿ "ਇਸ ਰਾਹੇ ਰਾਹ ਜਾਂਦਿਆਂ ਉਹ ਇਕ ਗੁਮਨਾਮ ਨਾਮੋ-ਨਸਬ ਦੇ ਬੰਦੇ ਨੂੰ, ਜਿਸਦੇ ਸਿਰ ਦੇ ਵਾਲ ਖਿਲਰੇ ਪੁਲਰੇ ਸਨ, **ਤੇ ਉਸ ਦੀ ਸ਼ਕਲੋ ਸ਼ਬਾਹਤ ਆਪਣੇ ਵਰਗੀ ਹੀ ਨਜ਼ਰ ਆਉਂਦੀ ਸੀ, ਨੂੰ ਸਮਝਾ ਬੁਝਾ ਕੇ ਤੇ ਤਸੱਲੀ ਦੇ ਕੇ ਆਪਣੇ ਧਰਮ ਵਿਚ ਲੈ ਆਂਦਾ ਤੇ ਗੁਰੂ ਦਾ ਖ਼ਿਤਾਬ ਦਿੱਤਾ। ਅਤੇ ਅਨੰਦਪੁਰ ਮਾਖੋਵਾਲ ਨੂੰ ਆਪਣਾ ਨਾਇਬ ਬਣਾ ਕੇ ਤੋਰ ਦਿਤਾ।"**

ਬਾਬਾ ਬੰਦਾ ਸਿੰਘ ਜੀ ਬਹਾਦਰ ਦਾ ਜੀਵਨ-ਸੰਘਰਸ਼ ਸਿਖ ਇਤਿਹਾਸ ਵਿਚ ਇਕ ਉਘਾ ਮੀਲ-ਪੱਥਰ ਹੈ। ਉਨ੍ਹਾਂ ਬਾਰੇ ਏਨੀ ਘਟੀਆ ਤੇ ਜਾਹਲਾਂ ਵਾਲੀ ਰਾਏ ਕਾਇਮ ਕਰਨਾ ਤੇ ਇਹ ਕਹਿਣਾ ਕਿ ਉਸ ਨੂੰ ਪੁਚਕਾਰ ਕੇ ਆਪਣੇ ਮਜ਼ਹਬ ਵਿਚ ਲਿਆਂਦਾ ਤੇ ਉਹ ਵੀ ਗੁਰੂ ਗੋਬਿੰਦ ਸਿੰਘ ਜੀ ਨੇ, ਕਿਡੀ ਬੋਦੀ ਦਲੀਲ-ਬਾਜ਼ੀ ਹੈ। ਫਿਰ ਲਿਖਿਆ ਹੈ ਕਿ ਸਾਹਿਬਾਂ ਨੇ **ਉਸ ਨੂੰ ਗੁਰੂ ਦਾ ਖ਼ਿਤਾਬ ਦੇ ਕੇ, ਆਪਣਾ ਉਤਰਾਧਕਾਰੀ ਬਣਾ ਕੇ ਅਨੰਦਪਰ ਨੂੰ ਤੋਰਿਆ ਸੀ**, ਵਡੈਹਰੇ ਦੀ ਜਹਾਲਤ ਦਾ ਇਕ ਅਕੱਟ ਸਬੂਤ ਹੈ। ਇਹ ਕਾਨੂੰਗੋ ਤਾਂ ਬੇਸ਼ਕ ਹੋਵੇ, ਪਰ ਇਹ ਕੋਈ ਇਤਿਹਾਸਕਾਰ ਨਹੀਂ ਹੈ। ਏਥੋਂ ਇਹ ਭਲੀ ਭਾਂਤ


www.AKJ.Org

ਸਪੱਸ਼ਟ ਹੋ ਜਾਂਦਾ ਹੈ ਕਿ ਗਣੇਸ਼ ਦਾਸ ਵਡੈਹਰਾ ਇਕ ਗਿਣੀ ਮਿਥੀ ਚਾਲ ਨਾਲ, ਜਾਣ ਬੁਝ ਕੇ ਸਾਹਿਬ ਗੁਰੂ ਕਲਗੀਧਰ ਪਾਤਸ਼ਾਹ ਦੀ ਕੋਝੀ ਤਸਵੀਰ ਪੇਸ਼ ਕਰ ਰਿਹਾ ਹੈ। ਸਿਖਾਂ ਦੀਆਂ ਮੁਹਿੰਮਾਂ ਨੂੰ ਉਸ ਨੇ ਸਹੀ ਰੂਪ ਵਿਚ ਪੇਸ਼ ਨਹੀਂ ਕੀਤਾ, ਮਤਾਂ ਨਵਾਂ ਕੀਤਾ ਖਸਮ (ਅੰਗਰੇਜ਼) ਨਾਰਾਜ਼ ਨਾ ਹੋ ਜਾਵੇ। ਅੰਗਰੇਜ਼ਾਂ ਦੀਆਂ ਹਾਰਾਂ ਦਾ ਵੀ ਜ਼ਿਕਰ ਇੰਜ ਕੀਤਾ ਹੈ ਜਿਵੇਂ ਹੋਇਆ ਈ ਕੁਝ ਨਹੀਂ। ਸਿਖਾਂ ਤੇ ਅੰਗਰੇਜ਼ਾਂ ਦੀਆਂ ਲੜਾਈਆਂ ਵਿਚ ਸਿਖਾਂ ਨੇ ਅੰਗਰੇਜ਼ਾਂ ਦੀ ਜਿਹੜੀ ਬਾਬ ਕੀਤੀ ਸੀ, ਉਸ ਬਾਰੇ ਵਡੈਹਰਾ ਇਕ ਅੱਖਰ ਤੱਕ ਨਹੀਂ ਲਿਖਦਾ।

ਸੰਖੇਪ ਕਿੱਸਾ ਇਹ ਹੈ ਕਿ ਇਹ ਕਿਤਾਬ ਵਡੈਹਰਾਂ ਨੇ ਨਿਜੀ ਸਵਾਰਥ ਨੂੰ ਮੁਖ ਰਖ ਕੇ, ਪਖ ਪਾਤ ਵਿਚ ਅੰਨ੍ਹੇ ਹੋ ਕੇ ਲਿਖੀ ਹੈ। ਉਹ ਇਤਿਹਾਸ ਦਾ ਖੋਜੀ ਨਹੀਂ। ਕਿਤਾਬ ਦੀ ਜ਼ਬਾਨ ਤੇ ਵੀ ਪੰਜਾਬੀ ਬੋਲੀ ਦੀ ਛਾਪ ਹੈ। (Chronological order ਤੇ facts and figures) (ਘਟਨਾਵਾਂ ਦੀ ਬਿਆਨੀਆ ਤਰਤੀਬ ਅਤੇ ਅਸਲੀਅਤ ਦੇ ਅੰਕੜੇ) ਵੀ ਇਟ ਵੱਟੇ ਦੇ ਢੇਰ ਵਾਂਗ ਹਨ ਤੇ ਆਪਣੇ ਜ਼ਾਅਮ ਵਿਚ ਉਹ ਇਸ ਨੂੰ ਮਹੱਲ ਕਹਿ ਰਿਹਾ ਹੈ। ਮੁਖ ਬੰਧ ਵਿਚ ਹੀ ਮੰਨਦਾ ਹੈ ਕਿ ਮੁਲਾਕਾਤ ਸਮੇਂ ਉਹ ਕੋਈ ਐਸਾ ਤੁਹਫ਼ਾ ਪੇਸ਼ ਕਰੇ ਕਿ ਆਪਣੇ ਮਾਲਕ ਦਾ ਮਨਜ਼ੂਰੇ ਨਜ਼ਰ ਬਣ ਜਾਵੇ।

ਗੁਰੂ ਸਾਹਿਬਾਨ ਦਾ ਰੱਜ ਕੇ ਅਪਮਾਨ ਕੀਤਾ ਹੈ। ਸਿਖਾਂ ਦੇ ਜਜ਼ਬਾਤ ਦੀ ਵੀ ਕੋਈ ਕਦਰ ਨਹੀਂ ਕੀਤੀ। ਤੇ ਨਾ ਹੀ ਹਕ ਸੱਚ ਨੂੰ ਆਪਣਾ ਈਮਾਨ ਬਣਾਇਆ ਹੈ।

ਕਾਸ਼! ਇਸ ਕਿਤਾਬ ਦਾ ਸਾਰਾ ਕੰਮ **ਲੋਹਗੜ੍ਹ ਦੇ ਲਾਲੇ ਤੇ ਨਾ ਛਡਿਆ ਜਾਂਦਾ। ਖੋਜ ਦਾ ਕੰਮ ਠੇਕੇ ਤੇ ਨਹੀਂ ਹੋ ਸਕਦਾ।** ਨਾਲੇ ਇਸ ਦਾ ਨਾਮ ਖੋਜ ਨਹੀਂ ਕਿ ਕੋਈ ਪੁਰਾਣਾ ਮੈਨਿਊਸਕ੍ਰਿਪਟ (ਹੱਥ-ਲਿਖਤ ਖਰੜਾ) ਫੜ ਕੇ ਛਾਪ ਦਿਤਾ ਜਾਵੇ। ਇਹ ਤਾਂ ਕੋਈ ਵੀ ਪਬਲਿਸ਼ਰ ਕਰ ਸਕਦਾ ਸੀ। ਇਸ ਦੇ ਨਾਲ ਕਿਹੜੀਆਂ ਸਮਕਾਲੀ ਗਵਾਹੀਆਂ ਹਨ, ਜਿਸ ਤੋਂ ਇਸ ਕਿਤਾਬ ਦਾ ਮੁਸੱਦਕਾ (ਪ੍ਰਮਾਣੀਕ) ਹੋਣਾ ਸਿਧ ਹੁੰਦਾ ਹੈ। ਕਾਸ਼! ਐਡੀਟਰ ਪੂਰਾ ਪੂਰਾ ਧਿਆਨ ਦਿੰਦਾ! ਤੇ ਨਾਲੇ ਏਸ ਕਿਤਾਬ ਦੀ ਸ਼ਲਾਘਾ ਕਰਨ ਵਾਲੇ ਗ਼ੌਰ ਨਾਲ ਖ਼ੁਦ ਪੜ੍ਹ ਕੇ ਤੇ ਸੋਚ ਸਮਝ ਕੇ ਸ਼ਲਾਘਾ ਕਰਦੇ ਤੇ ਫੇਰ ਐਡੀਟਰ ਨੂੰ ਵਧਾਈਆਂ ਦਿੰਦੇ। ਡਾਕਟਰ ਸਾਹਿਬ ਗਲਤ ਗੱਲਾਂ ਦੇ ਹੇਠਾਂ ਫੁਟ ਨੋਟ ਦਿੰਦੇ। ਗ਼ਲਤ ਗੱਲਾਂ ਦਾ ਖੰਡਨ ਕਰਦੇ, ਸਾਰੀ ਕਿਤਾਬ ਨੂੰ ਤਜੱਸਸ (ਨਿਰਣੇ-ਜਨਕ ਦ੍ਰਿਸ਼ਟੀ) ਦੀ ਐਨਕ ਨਾਲ ਵੇਖ ਕੇ ਫੇਰ ਪ੍ਰਕਾਸ਼ਤ ਕਰਦੇ। ਫੇਰ ਦੇਖਦੇ ਕਿ ਉਨ੍ਹਾਂ ਨੂੰ ਕਿੰਨੀ ਭੱਲ ਮਿਲਦੀ ਸੀ। ਅੱਜ ਤਕ ਸਸਤੀ ਭਲ ਖਟਣ ਵਾਲੇ ਹਮੇਸ਼ਾ ਦੁਖੀ ਹੀ ਹੋਏ ਹਨ।

ਕਿਤਾਬ ਦਾ ਛਪ ਜਾਣਾ ਪ੍ਰਸੰਸਾ ਯੋਗ ਹੈ। ਪਰ ਨਾਲ ਹੀ ਗ਼ਲਤ ਤੇ ਝੂਠ-ਤੂਫਾਨ ਤੇ ਕੁਫਰ ਦਾ ਵੀ ਛਪ ਜਾਣਾ ਨਾ-ਮੁਆਫ਼ ਕੀਤੀ ਜਾਣ ਵਾਲੀ ਭੁਲ ਹੈ। ਕੀ ਸਬੰਧਤ ਸਜਣ ਆਪਣਾ ਫ਼ਰਜ਼ ਸਮਝਦੇ ਹੋਏ ਉਪਰਾਲਾ ਕਰਨਗੇ ਕਿ ਇਸ ਕਿਤਾਬ ਨੂੰ ਉਸ ਥਾਂ ਪੁਚਾ ਦਿਤਾ ਜਾਵੇ ਜਿਥੇ ਕਿ ਇਸ ਕਿਸਮ ਦੀਆਂ ਕਿਤਾਬਾਂ ਦਾ ਥਾਂ ਹੁੰਦਾ ਹੈ—ਯਾਨੀ ਅਦਮ ਆਬਾਦ, ਜਿਥੇ ਹੁਣ ਵਡੈਹਰਾ ਆਪ ਹੈ। ਖ਼ਾਲਸਾ ਵਧਾਈ ਦਾ ਪਾਤਰ ਹੈ, ਜਿਸ ਨੇ ਬੜੇ ਸਬਰ ਤੇ ਜਿਗਰੇ ਨਾਲ ਇਹ ਸਭ ਕੁਝ ਜਰ ਲਿਆ ਹੈ।

## ਫ਼ਾਜ਼ਲਕਾ (ਫ਼ਿਰੋਜ਼ਪੁਰ) ਵਿਖੇ ਰੈਣ-ਸਬਾਈ ਕੀਰਤਨ

ਗਿ: ਬਲਵੰਤ ਸਿੰਘ ਜੀ ਫ਼ਿਰੋਜ਼ਪੁਰ ਸ਼ਹਿਰ ਸੂਚਨਾ ਦਿੰਦੇ ਹਨ ਕਿ 31–7–76 ਸਨੀਚਰਵਾਰ ਦੀ ਰਾਤ ਨੂੰ ਫਾਜ਼ਲਕਾ ਜ਼ਿਲਾ ਫ਼ਿਰੋਜ਼ਪੁਰ ਵਿਖੇ ਗੁਰਦੁਆਰਾ ਪ੍ਰੇਮ ਗਲੀ ਵਿਖੇ ਰੈਣ-ਸਬਾਈ ਕੀਰਤਨ ਹੋ ਰਹੇ ਹਨ। ਸਮੂਹ ਸੰਗਤਾਂ ਹਾਜ਼ਰੀਆਂ ਭਰ ਕੇ ਲਾਭ ਉਠਾਓ ਜੀ।

ਫ਼ਾਜ਼ਲਕਾ ਰੇਲਵੇ ਸਟੇਸ਼ਨ ਨੂੰ ਫ਼ਿਰੋਜ਼ਪੁਰ ਤੇ ਮੁਕਤਸਰ ਤੋਂ ਸਿਧੀਆਂ ਗੱਡੀਆਂ ਜਾਂਦੀਆਂ ਹਨ ਤੇ ਬੱਸਾਂ ਅ ਮ ਮਿਲ ਜਾਂਦੀਆਂ ਹਨ।



www.AKJ.Org

# ਦੀਵਾ ਬਲੈ ਅੰਧੇਰਾ ਜਾਇ

[ਵਲੋਂ:-ਗਿਆਨੀ ਗੋਪਾਲ ਸਿੰਘ ਜੀ 'ਮਿਤਰ' ਮਾਲਬ, ਗੁੜਗਾਉਂ]

ਕੁਦਰਤ ਦੇ ਅਟੱਲ ਨਿਯਮ ਅਨੁਸਾਰ ਚਾਰ ਖਾਣੀਆਂ ਦੁਆਰਾ ਸੰਸਾਰ ਦੀ ਉਤਪਤੀ ਹੋ ਰਹੀ ਹੈ, ਅੰਡਜ, ਜੇਰਜ, ਸੇਤਜ ਤੇ ਉਤਭੁਜ। ਇਨ੍ਹਾਂ ਵਿਚੋਂ ਜੇਰਜ ਖਾਣੀ ਦੁਆਰਾ ਪਸ਼ੂ ਤੇ ਮਨੁੱਖ ਪੈਦਾ ਹੁੰਦੇ ਹਨ। ਗਹੁ ਨਾਲ ਵੀਚਾਰੀਏ ਤਾਂ ਪਸ਼ੂ ਤੇ ਮਨੁੱਖ ਵਿਚ ਚਾਰ ਗੱਲਾਂ ਦੀ ਸਮਾਨਤਾ ਹੈ: ਨਿੰਦ੍ਰਾ, ਭੋਜਨ, ਭੋਗ ਤੇ ਭੈ, ਭਾਵ ਡਰ। ਪਰਮਨੁੱਖ ਨੂੰ ਨਿਰੰਕਾਰ ਨੇ ਚੇਤਨਾ ਸ਼ਕਤਿ, ਗਿਆਨ, ਬੁਧਿ ਬਖ਼ਸ਼ ਕੇ ਸਾਰੀਆਂ ਜੂਨੀਆਂ ਦਾ ਸਿਰਤਾਜ ਥਾਪਿਆ ਹੈ, ਜਿਸ ਕਰਕੇ ਇਸਨੂੰ ਦੁਨੀਆ ਵਿਚ ਅਸਰਫੁਲ ਮਖ਼ਲੂਕਾਤ ਕਿਹਾ ਜਾਂਦਾ ਹੈ। ਸਾਰ ਕੁਤਾਵਲੀ ਗ੍ਰੰਥ ਵਿਚ ਲਿਖਿਆ ਹੈ—

'ਨਿਦ੍ਰਾ ਭੋਜਨ ਭੋਗ ਭੈ ਇਹ ਪਸ਼ੂ ਪੁਰਖ ਸਮਾਨ। ਨਰਕ ਗਿਆਨ ਨਿਜ ਅਧਿਕਤਾ ਗਿਆਨ ਬਿਨਾ ਪਸ਼ੂ ਜਾਨ'॥

ਜੇਕਰ ਇਹ ਸ੍ਰੇਸ਼ਟਤਾ ਮਨੁਖ ਵਿਚ ਨਾ ਹੋਵੇ ਤਾਂ ਮਨੁੱਖ ਤੇ ਪਸ਼ੂ ਵਿਚ ਕੋਈ ਫ਼ਰਕ ਨਹੀਂ।

ਸੰਸਾਰੀ ਜੀਵਨ ਵਿਚ ਕਈ ਵਾਰੀ ਐਸੇ ਪ੍ਰਮਾਣ ਮਿਲ ਜਾਂਦੇ ਹਨ ਕਿ ਕੋਈ ਮਨੁੱਖ ਕੋਈ ਮੰਦਾ ਕਰਮ ਕਰਦਾ ਜਾਂ ਮੰਦਾ ਬੋਲ ਬੋਲਦਾ ਹੈ ਤਾਂ ਲੋਕੀ ਕਹਿੰਦੇ ਹਨ ਇਹ ਤਾਂ ਢੋਰ ਤੋਂ ਵੀ ਬੁਰਾ ਹੈ। ਇਸ ਦਾ ਭਾਵ ਇਹ ਹੋਇਆ ਕਿ ਮਨੁੱਖ ਨੂੰ "ਗਿਆਨ" ਹੀ ਢੋਰਾਂ ਤੋਂ ਅੱਡ ਕਰ ਕੇ ਉੱਚ ਪਦਵੀ ਦਾ ਮਾਲਕ ਬਣਾਂਦਾ ਹੈ। ਸਮੇਂ ਸਮੇਂ ਅਨੁਸਾਰ ਜਿਵੇਂ ਜਿਵੇਂ ਮਨੁੱਖ ਵਡਾ ਹੁੰਦਾ ਹੈ, ਭਾਈਚਾਰੇ ਵਿਚ ਬੈਠਦਾ ਹੈ, ਵਧਦਾ ਫੁਲਦਾ ਹੈ, ਤੇ ਚੰਗੀ ਮੰਦੀ ਸੰਗਤ ਤੋਂ ਪ੍ਰੇਰਨਾ ਲੈਂਦਾ ਹੈ, ਤਾਂ ਇਹ ਗਿਆਨ ਹੀ ਇਸ ਨੂੰ ਚੰਗੇ ਮਾੜੇ ਕਰਮਾਂ ਵਲ ਪ੍ਰੇਰਤ ਕਰਦਾ ਹੈ। ਤੇ ਏਹ ਚੰਗੇ ਮੰਦੇ ਕਰਮ ਹੀ ਮਨੁੱਖ ਲਈ ਸੰਸਾਰ ਵਿਚ ਜਸ-ਅਪਜਸ ਦੀ ਪ੍ਰਾਪਤੀ ਦਾ ਕਾਰਨ ਬਣਦੇ ਹਨ। ਚੰਗੀ ਸੰਗਤ ਦੁਆਰਾ ਚੰਗੀ ਪ੍ਰੇਰਨਾ ਲੈ ਕੇ ਮਨੁੱਖ ਬੁਰਾਈਆਂ ਤੋਂ ਦੂਰ ਹਟਦਾ ਤੇ ਚੰਗਿਆਈਆਂ, ਭਾਵ ਦੈਵੀ ਸੰਪਦਿ ਗੁਣ ਗ੍ਰਹਿਣ ਕਰਦਾ ਹੈ। ਇਸ ਤਰ੍ਹਾਂ—

ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ ॥੮੬॥
[ਪੰਨਾ ੧੩੬੯

ਨਾਮ-ਰਸੀਆਂ ਗੁਰੂ ਦੇ ਸਨਮੁਖ ਰਹਿਣ ਵਾਲੇ ਗੁਰਸਿਖਾਂ ਦੀ ਸੰਗਤ ਤੋਂ ਲਾਭ ਲੈ ਕੇ ਹੀ ਮਨੁੱਖ ਨੂੰ ਸੋਝੀ ਹੋ ਆਉਂਦੀ ਹੈ ਕਿ ਮੈਂ ਸੰਸਾਰ ਤੇ ਕਿਉਂ ਆਇਆ ਹਾਂ, ਇਸ ਦੇ ਮਨ ਤੋਂ ਅੰਧਕਾਰ (ਅਗਿ-ਆਨਤਾ ਦਾ ਪਰਦਾ) ਹਟਦਾ ਹੈ ਤੇ ਗਿਆਨ-ਚਾਨਣ ਹੋ ਆਉਂਦਾ ਹੈ। ਏਸੇ ਗਿਆਨ-ਚਾਨਣ ਦੀ ਲੋਅ ਤੋਂ ਹੀ ਲਾਭ ਉਠਾ ਕੇ ਮਨੁੱਖ ਚੰਗੇ ਸੰਸਕਾਰਾਂ ਵਲ ਪ੍ਰੇਰਤ ਹੋ ਕੇ, ਗੁਰੂ ਦੇ ਲੜ ਲਗ ਕੇ ਜੀਵਨ ਸਫ਼ਲ ਕਰ ਸਕਦਾ ਹੈ।

ਇਹ ਗਿਆਨ-ਚਾਨਣ ਹੀ ਮਨੁੱਖ ਦੀ ਮੋਖਸ਼ ਪ੍ਰਾਪਤੀ ਦਾ ਸਾਧਨ ਹੈ, ਤੇ ਏਸੇ ਮਨੁੱਖਾ ਜੋਨੀ ਵਿਚ ਹੀ ਗੁਰੂ-ਉਪਦੇਸ਼ ਦੁਆਰਾ ਚੰਗੇ ਕਰਮ ਕਰਦਾ ਹੋਇਆ ਮਨੁੱਖ ਸਫ਼ਲਤਾ ਦੀ ਟੀਸੀ ਤੇ ਪੁਜ ਸਕਦਾ ਹੈ। ਬਿਨਾ ਗੁਰ-ਉਪਦੇਸ਼ ਦੇ ਏਸ ਦੀ ਮੁਕਤਿ ਪ੍ਰਾਪਤੀ ਦਾ ਹੋਰ ਕੋਈ ਸਾਧਨ ਹੀ ਨਹੀਂ। ਗੁਰੂ-ਉਪਦੇਸ਼ ਹੀ ਇਸ ਲਈ ਗਿਆਨ ਚਿਰਾਗ਼ ਹੈ—

ਗੁਰ ਵਾਕੁ ਨਿਰਮਲੁ ਸਦਾ ਚਾਨਣੁ ॥ [੬੮੭

ਲੋੜ ਤਾਂ ਗੁਰ-ਉਪਦੇਸ਼ ਨੂੰ ਸੂਝ ਬੂਝ ਦੁਆਰਾ ਹਿਰਦੇ ਵਿਚ ਟਿਕਾ ਕੇ, ਕਮਾਈ ਕਰਨ ਭਾਵ ਅਮਲੀ ਜੀਵਨ ਜੀਣ ਦੀ ਹੈ। ਗੁਰ-ਉਪਦੇਸ਼ ਹਿਰਦੇ ਵਿਚ ਟਿਕਦਾ ਹੈ ਪੂਰਨ ਸਿਦਕ, ਭਰੋਸੇ ਤੇ ਯਕੀਨ ਪ੍ਰਤੀਤੀ ਨਾਲ। ਜਿਉਂ ਜਿਉਂ ਸਿਦਕ ਯਕੀਨ ਪ੍ਰਪਕ ਹੁੰਦਾ ਜਾਵੇਗਾ ਤਿਉਂ. ਤਿਉਂ ਗੁਰ-ਉਪਦੇਸ਼ ਤੇ ਅਮਲੀ ਵਰਤੋਂ ਵਧਦੀ ਜਾਵੇਗੀ ਤੇ ਤਿਮਰ ਅੰਗਿਆਨ ਦਾ ਪਰਦਾ ਹਟਦਾ ਜਾਵੇਗਾ। ਜਿਉਂ ਜਿਉਂ ਮਨੁੱਖ ਗੁਰੂ ਦੁਆਰਾ ਦੱਸੇ ਰਾਹ ਤੇ ਟੁਰਦਾ ਜਾਵੇਗਾ, ਤਿਉਂ ਤਿਉਂ ਵਿਸ਼ੇ ਵਿਕਾਰਾਂ ਵਲੋਂ ਮਨ ਹਟਦਾ ਤੇ ਨਾਮ-ਸਿਮਰਨ ਵਲ ਲਗਦਾ ਸਾਫ਼ ਹੁੰਦਾ ਚਲਾ ਜਾਏਗਾ,



www.AKJ.Org

ਜਿਉਂ ਜਿਉਂ ਗੁਰੂ-ਬਖਸ਼ੇ ਨਾਮ ਦੀ ਕਮਾਈ ਵਧਦੀ ਜਾਵੇਗੀ ਤਿਉਂ ਤਿਉਂ ਸਹਿਜ ਅਵਸਥਾ ਦੇ ਰਾਹ ਵਲ ਪੈਰ ਵਧਾਂਦਾ ਮਨਜ਼ਲ ਤੇ ਅਪੜ ਪਵੇਗਾ। ਫੇਰ ਕਬੀਰ ਜੀ ਦੇ ਕਥਨ ਅਨੁਸਾਰ—

ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ
ਨੀਰ ॥੫੫॥ [੧੩੬੭

ਵਾਲੀ ਦਸ਼ਾ ਤੇ ਪੁਜ ਜਾਵੇਗਾ।

ਜਿਵੇਂ ਦੀਵੇ ਦੇ ਬਲ ਪੈਣ ਨਾਲ ਉਸ ਦਾ ਪ੍ਰਕਾਸ਼ ਅੰਧੇਰੇ ਨੂੰ ਖ਼ਤਮ ਕਰ ਦੇਂਦਾ ਹੈ ਇਸੇ ਤਰ੍ਹਾਂ ਹੀ ਗੁਰ-ਉਪਦੇਸ਼ ਦੀ ਅਮਲੀ ਵਰਤੋਂ ਅਗਿਆਨ ਰੂਪੀ ਅੰਧਕਾਰ ਨੂੰ ਹਿਰਦੇ ਵਿਚੋਂ ਕਢ ਕੇ ਗਿਆਨ-ਵੀਚਾਰ ਦੀ ਸੋਝੀ ਦੇਂਦੀ ਹੈ। ਤੇ ਮਨੁੱਖ ਸਹਿਜ ਪਦ ਤੇ ਪੁਜ ਕੇ ਹਰ ਪਾਸੇ ਹਰਿ ਦੀ ਜੋਤਿ ਦਾ ਪਸਾਰਾ ਵੇਖਦਾ ਹੈ। ਗੁਰਵਾਕ—ਸਰਬ ਜੋਤਿ ਤੇਰੀ ਪਸਰਿ ਰਹੀ ॥
ਜਹ ਜਹ ਦੇਖਾ ਤਹ ਨਰਹਰੀ ॥੧॥
[ਰਾਮਕਲੀ ਮ: ੧, ਪੰਨਾ ੮੭੬

ਏਸ ਹਾਲਤ ਨੂੰ ਭਾਈ ਨੰਦ ਲਾਲ ਜੀ 'ਗੋਇਆ' ਨੇ ਇੰਜ ਬਿਆਨ ਕੀਤਾ ਹੈ—

ਬ-ਹਰ ਸੂਏ ਕਿ ਮੇ ਬੀਨਮ ਬ-ਚਸ਼ਮਮ,
ਮਾਸਿਵਾ ਨਾਯਦ। ਹਮੇਸ਼ਾ ਨਕਸ਼ਿ ਊ, ਦਰ
ਦੀਦਾ-ਇ ਮਾ, ਬੂਦਹ ਮੇ ਬਾਸ਼ਦ ॥੨॥
[ਗ਼ਜ਼ਲ ੨੬

ਨਜ਼ਰਾਂ ਗੱਡ ਜਿਸ ਪਾਸੇ ਵੇਖਾਂ, ਹੋਰ ਨ ਦਿਸੇ ਕੋਈ।
ਅੱਖ ਮੇਰੀ ਵਿਚ ਨਕਸ਼ ਉਸੇ ਦੇ, ਮੈਂ ਹਾਂ ਜਿਸ ਤੇ ਮੋਈ।
(ਤੀਰ ਜੀ)

ਚਸ਼ਮਿ ਮਾ, ਗ਼ੈਰ ਅਜ਼ ਜਮਾਲਸ਼ ਵਾ ਨ
ਸ਼ੁਦ। ਜ਼ਾਂ ਕਿ ਜੁਮਲਾ ਖ਼ਲਕ ਰਾ ਦੀਦੇਮ
ਰੱਬ ।੩। [ਗ਼ਜ਼ਲ ੫

ਖ਼ਾਲਕ ਵੇਖੇ ਖ਼ਲਕਤ ਅੰਦਰ, ਸਾਡੀ ਨਜ਼ਰ ਨਿਆਰੀ।
ਹੋਰ ਕਿਸੇ ਵਲ ਸਾਡੇ ਨੈਣਾਂ, ਝਾਤ ਕਦੇ ਨਹੀਂ ਮਾਰੀ।
(ਤੀਰ ਜੀ

## ਯਾਦ ਬਿਨਾਂ ਕੁਈ ਹੋਰ ਵਸਤ ਨਾ

[ਪਹਿਲੇ ਸਫ਼ੇ ਤੇ ਦਿਤੀ ਫ਼ਾਰਸੀ ਗ਼ਜ਼ਲ ਦਾ ਅਨੁਵਾਦ]

ਤੂੰ ਡਿੱਠਾ ਹੈ ਜਿਨ੍ਹਾਂ ਢੂੰਡਾਊਆਂ, ਰੱਬ ਦਾ ਰਾਹ ਹੈ ਫੜਿਆ।
ਦੁਨੀਆ ਵਿਚੋਂ ਉਮਰ-ਮੁਨਾਫ਼ਾ, ਖੱਟ ਉਨ੍ਹਾਂ ਹੀ ਖੜਿਆ ॥੧॥
ਜ਼ੁਲਫ਼ ਤੇਰੀ ਦੀ ਕਾਲੋਂ ਕੋਲੋਂ, ਬੱਚ ਨਾ ਕੋਈ ਸੱਕਿਆ।
ਮੇਰੇ ਪਾਗ਼ਲ ਦਿਲ ਵੀ ਤਾਹੀਏਂ, ਇਦ੍ਹਾ ਆਸਰਾ ਤੱਕਿਆ ॥੨॥
ਸਰੂ-ਸਰੀਖਾ ਤੁਰਦਾ ਫਿਰਦਾ, ਜਦ ਤੋਂ ਨਜ਼ਰੀ ਆਇਆ।
ਅੱਖ ਅਸਾਡੀ ਨੂੰ ਉਸ ਦਿਨ ਤੋਂ, ਹੋਰ ਕੋਈ ਨਹੀਂ ਭਾਇਆ ॥੩॥
ਦਿਲਬਰ ਦੀ ਡਾਚੀ ਦੀ ਸੁਣ ਕੇ, ਸੱਦ ਵੈਰਾਗਾਂ ਵਾਲੀ।
ਮਾਰੂ-ਥਲ ਦੀ ਆਸ਼ਕ-ਦਿਲ ਨੇ, ਰਾਹ ਫੜੀ ਤਤ-ਕਾਲੀ ॥੪॥
ਅਮਰ-ਪ੍ਰੀਤ ਦੀ ਅਮਰ-ਕਹਾਣੀ, ਜਦ ਦੀ ਮਨ ਵਸਾਈ।
ਯਾਦ ਬਿਨਾਂ ਕੁਈ ਹੋਰ ਵਸਤ ਨਾ, ਇਸ ਆਸ਼ਕ ਨੂੰ ਭਾਈ ॥੫॥
ਪਲਕ ਲਈ ਆ ਜਾਵੇਂ ਜੇਕਰ, ਅੱਖ ਵਾਰਨੇ ਜਾਏ।
ਸੁੱਚੇ ਮੋਤੀ ਵਾਰਨ ਦੇ ਲਈ, ਇਸ ਪਲਕਾਂ ਤੇ ਚਾਏ ॥੬॥
ਅੱਜ ਮਿਲਣ ਦੇ ਕੌਲ ਜਦੋਂ ਹੀ, ਗੱਲ ਕਲ੍ਹ ਉੱਤੇ ਪਾਈ।
ਨੈਣਾਂ ਰਾਹੀਂ ਜਿੰਦੜੀ ਮੇਰੀ, ਲੁੱਛ ਲੁੱਛ ਬਾਹਰ ਆਈ ॥੭॥
ਜੀਵਨ-ਵਣਜ ਵਿਚੋਂ 'ਗੋਇਆ' ਜਾਂ, ਗੱਲ ਨਫ਼ੇ ਦੀ ਜਾਣੀ।
ਵਾਹਿਗੁਰੂ ਦੀ ਮਹਿਮਾ ਨਿਕਲੇ, ਪਲ ਪਲ ਜਿਹਬਾ ਬਾਣੀ ॥੮॥

[ਸ: ਵਿਧਾਤਾ ਸਿੰਘ ਜੀ 'ਤੀਰ'

www.AKJ.Org

# ਮਾਤਾ ਖੀਵੀ ਜੀ

[ਵਲੋਂ :—ਸ: ਵਰਿਆਮ ਸਿੰਘ ਜੀ, ਗਾਂਧੀ ਨਗਰ, ਦਿੱਲੀ—੩੧]

ਵੱਡੇ ਭਾਗਾਂ ਵਾਲੇ ਮਾਤਾ ਖੀਵੀ ਜੀ, ਜਿਨ੍ਹਾਂ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਫ਼ੁਰਮਾਨ ਹੈ :—

ਬਲਵੰਡ, ਖੀਵੀ ਨੇਕ ਜਨ, ਜਿਸੁ ਬਹੁਤੀ ਛਾਉ ਪਤ੍ਰਾਲੀ ॥ ਲੰਗਰਿ ਦਉਲਤਿ ਵੰਡੀਐ, ਰਸੁ ਅੰਮ੍ਰਿਤੁ ਖੀਰਿ ਘਿਆਲੀ ॥ ਗੁਰਸਿਖਾ ਕੇ ਮੁਖ ਉਜਲੇ, ਮਨਮੁਖ ਥੀਏ ਪਰਾਲੀ ॥

ਪ੍ਰੋਫ਼ੈਸਰ ਸਾਹਿਬ ਸਿੰਘ ਜੀ ਸਤੇ ਬਲਵੰਡ ਦੀ ਵਾਰ ਸਟੀਕ ਪੰਨਾ ੮੬ ਤੇ ਇਸ ਦੇ ਅਰਥ ਕਰਦੇ ਹੋਏ ਲਿਖਦੇ ਹਨ—

"ਹੇ ਬਲਵੰਡ ! (ਗੁਰੂ ਅੰਗਦ ਦੇਵ ਜੀ ਦੀ ਪਤਨੀ) (ਮਾਤਾ) ਖੀਵੀ ਜੀ (ਭੀ ਆਪਣੇ ਪਤੀ ਵਾਂਗ) ਬੜੇ ਭਲੇ ਹਨ, ਮਾਤਾ ਖੀਵੀ ਜੀ ਦੀ ਛਾਂ ਬਹੁਤ ਪੱਤਰਾਂ ਵਾਲੀ (ਸੰਘਣੀ) ਹੈ (ਭਾਵ ਮਾਤਾ ਖੀਵੀ ਜੀ ਪਾਸ, ਬੈਠਿਆਂ ਹੀ ਹਿਰਦੇ ਵਿਚ ਸ਼ਾਂਤੀ—ਠੰਢ ਪੈਦਾ ਹੁੰਦੀ ਹੈ)। (ਜਿਵੇਂ ਗੁਰੂ ਅੰਗਦ ਦੇਵ ਜੀ ਦੇ ਸਤਸੰਗ ਰੂਪ) ਲੰਗਰ ਵਿਚ (ਨਾਮ ਦੀ) ਦੌਲਤ ਵੰਡੀ ਜਾ ਰਹੀ ਹੈ, (ਨਾਮ ਰੂਪ) ਅੰਮ੍ਰਿਤ-ਰਸ ਵੰਡਿਆ ਜਾ ਰਿਹਾ ਹੈ (ਤਿਵੇਂ ਮਾਤਾ ਖੀਵੀ ਜੀ ਦੀ ਸੇਵਾ ਸਦਕਾ ਲੰਗਰ ਵਿਚ ਸਭ ਨੂੰ) ਘਿਉ ਵਾਲੀ ਖੀਰ ਵੰਡੀ ਜਾ ਰਹੀ ਹੈ।

(ਗੁਰੂ ਅੰਗਦ ਦੇਵ ਜੀ ਦੇ ਦਰ ਤੇ ਆ ਕੇ) ਗੁਰਸਿੱਖਾਂ ਦੇ ਮੱਥੇ ਤਾਂ ਖਿੜੇ ਹੋਏ ਹਨ, ਪਰ ਗੁਰੂ ਵਲੋਂ ਬੇਮੁਖਾਂ ਦੇ ਮੂੰਹ (ਈਰਖਾ ਦੇ ਕਾਰਨ) ਪੀਲੇ ਪੈਂਦੇ ਹਨ।"

ਗੁਰਬਾਣੀ ਵਿਚਲੀ ਉਪਰਲੀ ਗਵਾਹੀ ਦੇ ਹੁੰਦਿਆਂ ਕੋਈ ਭੁਲੇਖਾ ਨਹੀਂ ਰਹਿੰਦਾ ਕਿ ਮਾਤਾ ਖੀਵੀ ਜੀ ਨੇ ਲੰਗਰ ਦੀ ਕਿਤਨੀ ਮਹਾਨ ਸੇਵਾ ਕੀਤੀ ਸੀ ?

ਮਾਤਾ ਖੀਵੀ ਜੀ ਦਾ ਜਨਮ ਖਡੂਰ ਸਾਹਿਬ ਦੇ ਲਾਗੇ ਪਿੰਡ ਸੰਘਰ ਵਿਖੇ, ਦੇਵੀ ਚੰਦ ਖਤਰੀ ਦੇ ਘਰ ਹੋਇਆ। ਆਪ ਦਾ ਵਿਆਹ, ਭਾਈ ਲਹਿਣਾ ਜੀ (ਗੁਰੂ ਅੰਗਦ ਦੇਵ ਜੀ) ਨਾਲ ਸੰਨ ੧੫੧੯ ਈਸਵੀ ਨੂੰ ਕੀਤਾ ਗਿਆ। ਇਹ ਰਿਸ਼ਤਾ ਮਾਈ ਵਿਰਾਈ ਜੀ ਜੋ 'ਮਤੇ ਦੀ ਸਰਾਂ' ਦੇ ਵਸਨੀਕ, ਚੋਧਰੀ ਤਖ਼ਤ ਮਲ ਦੀ ਸਪੁਤ੍ਰੀ ਸਨ, ਨੇ ਕਰਾਇਆ ਸੀ ਅਤੇ ਮਾਈ ਵਿਰਾਈ ਜੀ ਖ਼ੁਦ ਖਡੂਰ ਸਾਹਿਬ ਅੰਦਰ, ਚੋਧਰੀ ਮਹਿਮਾ ਜੀ ਨਾਲ ਵਿਆਹੇ ਹੋਏ ਸਨ।

ਭਾਈ ਲਹਿਣਾ ਜੀ ਦੇ ਪਿਤਾ, ਬਾਬਾ ਫੇਰੂ ਮਲ ਜੀ, ਚੌਧਰੀ ਤਖ਼ਤ ਮਲ ਪਾਸ ਮੁਨਸ਼ੀ ਲਗੇ ਹੋਏ ਸਨ। ਇਕ ਵਾਰੀ ਉਨ੍ਹਾਂ ਦੇ ਹਿਸਾਬ ਵਿਚ ਹਜ਼ਾਰਾਂ ਰੁਪਇਆਂ ਦਾ ਘਾਪਾ ਪੈ ਗਿਆ। ਫਿਰ ਇਹ ਘਾਪਾ ਗੁਰੂ ਨਾਨਕ ਸਾਹਿਬ ਜੀ ਦੀ ਮਹਾਨ ਕਿਰਪਾ ਨਾਲ ਕਿਵੇਂ ਦੂਰ ਹੋਇਆ? ਇਹ ਅਸੀਂ ਪਿਛੇ ਸਤੰਬਰ ੧੯੭੫ ਦੇ 'ਸੂਰਾ' ਮਾਸਕ ਰਾਹੀਂ ਮਾਈ ਵਿਰਾਈ ਜੀ ਦੇ ਲੇਖ ਵਿਚ ਦਸ ਚੁਕੇ ਹਾਂ। ਹੁਣ ਇਹ ਸਮਝ ਲੋ ਕਿ ਇਸ ਘਟਨਾ ਤੋਂ ਬਾਅਦ ਬਾਬਾ ਫੇਰੂ ਮਲ ਜੀ ਦਾ ਮਨ ਮੁਨਸ਼ੀ ਪੁਣੇ ਤੋਂ ਕੁਝ ਅਜਿਹਾ ਖੱਟਾ ਹੋਇਆ ਕਿ ਆਪ ਪੁੱਤਰ ਸਮੇਤ ਸੰਘਰ ਪਿੰਡ ਆ ਗਏ ਅਤੇ ਉਥੇ ਕਾਰੋਬਾਰ ਅਰੰਭਿਆ। ਬਾਬਾ ਫੇਰੂ ਮਲ ਜੀ ਵੈਸ਼ਨੋ ਦੇਵੀ ਦੇ ਭਗਤ ਸਨ। ਆਪ ਹਰ ਸਾਲ ਸੰਗ ਬਣਾ ਕੇ ਵੈਸ਼ਨੋ ਦੇਵੀ ਦੇ ਦਰਸ਼ਨਾਂ ਲਈ ਪਹਾੜਾਂ ਵਲ ਜਾਇਆ ਕਰਦੇ ਸਨ। ਭਾਈ ਲਹਿਣਾ ਜੀ ਵੀ ਨਾਲ ਹੁੰਦੇ ਸਨ। ਸੰਨ ੧੫੨੬ ਈਸਵੀ ਵਿਚ ਜਦੋਂ ਬਾਬਾ ਫੇਰੂ ਮਲ ਜੀ ਨੇ ਚਲਾਣਾ ਕੀਤਾ ਤਾਂ ਭਾਈ ਲਹਿਣਾ ਜੀ ਨੇ ਪਿਤਾ ਵਾਲੀ ਕਾਰ ਨੂੰ ਚਾਲੂ ਰਖਿਆ। ਹਰ ਸਾਲ ਸੰਗ ਬਣਾ ਕੇ ਦੇਵੀ ਦੇ ਦਰਸ਼ਨਾਂ ਲਈ ਜਾਣ ਲਗ ਪਏ। ਇਕ ਵਾਰੀ ਆਪ ਖਡੂਰ ਸਾਹਿਬ ਆਏ ਹੋਏ ਸਨ ਤਾਂ ਭਾਈ ਜੋਧਾ ਜੀ ਦੇ ਮੂੰਹੋਂ ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਸੁਣ ਕੇ ਹਿਰਦੇ ਵਿਚ ਧੂਹ ਪਈ। ਦਰਸ਼ਨਾਂ ਦੀ ਤਾਂਘ ਉਪਜੀ ਅਤੇ ਕਰਤਾਰਪੁਰ ਜਾਣ ਬਾਰੇ ਸੋਚਿਆ। ਸੰਨ ੧੫੩੨ ਈਸਵੀ ਵਿਚ ਜਦੋਂ ਆਪ ਸੰਗ ਬਣਾ



www.AKJ.Org

ਕੇ ਦੇਵੀ ਦੇ ਦਰਸ਼ਨਾਂ ਲਈ ਰਵਾਨਾ ਹੋਏ ਤਾਂ ਰਸਤੇ ਵਿਚ ਕਰਤਾਰਪੁਰ ਠਹਿਰ ਗਏ। ਗੁਰੂ ਨਾਨਕ ਸਾਹਿਬ ਜੀ ਦੇ ਦਰਸ਼ਨ ਕਰ ਕੇ ਮਨ ਮੋਹਿਆ ਗਿਆ। ਬਸ ਉਥੋਂ ਜੋਗੇ ਹੀ ਹੋ ਗਏ, ਹੋਰ ਝਾਕਾਂ ਮਿਟ ਗਈਆਂ। ਆਪਣੇ ਸਾਥੀਆਂ ਨੂੰ ਕਹਿ ਦਿੱਤਾ, "ਤੁਸੀਂ ਹੁਣ ਆਪੇ ਚਲੇ ਜਾਉ, ਮੈਂ ਤਾਂ ਇਥੇ ਹੀ ਗੁਰੂ ਸਾਹਿਬ ਦੇ ਚਰਨਾਂ ਵਿਚ ਸੇਵਾ ਕਰਾਂਗਾ।" ਸਾਥੀ ਨਿਰਾਸ਼ ਹੋ ਕੇ ਵਾਪਸ ਮੁੜ ਗਏ।

ਕਈਆਂ ਨੇ ਆ ਕੇ ਮਾਤਾ ਖੀਵੀ ਜੀ ਨੂੰ ਕਿਹਾ, "ਤੁਹਾਡਾ ਪਤੀ ਤਾਂ ਤੁਹਾਡਾ ਸਾਥ ਛਡ ਕੇ ਕਰਤਾਰ-ਪੁਰ ਵਾਲੇ "ਨਾਨਕ ਤਪਾ" ਦਾ ਮੁਰੀਦ ਬਣ ਗਿਆ ਹੈ। ਤੁਸੀਂ ਹੁਣ ਕੀ ਕਰੋਗੇ?" ਇਹ ਸੁਣ ਕੇ ਮਾਤਾ ਖੀਵੀ ਜੀ ਨੇ ਜੋ ਉੱਤਰ ਦਿਤਾ, ਉਹ ਹੈਰਾਨੀ ਭਰਿਆ ਸੀ। ਆਪ ਨੇ ਕਿਹਾ, "ਮੈਂ ਤਾਂ ਪਤੀ ਦੀ ਰਜ਼ਾ ਵਿਚ ਰਹਿਣਾ ਹੈ। ਜੇ ਉਹ ਫ਼ਕੀਰ ਬਣ ਕੇ ਜੰਗਲਾਂ ਵਿਚ ਚਲੇ ਜਾਣਗੇ ਤਾਂ ਮੈਂ ਵੀ ਫ਼ਕੀਰਨੀ ਬਣ ਕੇ ਨਾਲ ਚਲਾਂਗੀ। ਜੇ ਉਹ ਸੰਸਾਰ ਵਿਚ ਰਹਿ ਕੇ ਭਗਤੀ ਕਰਨਗੇ ਤਾਂ ਵੀ ਮੈਂ ਸੇਵਾ ਵਿਚ ਹਾਜ਼ਰ ਰਹਾਂਗੀ। ਮਾਤਾ ਖੀਵੀ ਜੀ ਬਹੁਤ ਹੀ ਠੰਢੇ ਤੇ ਮਿਠੇ ਸੁਭਾਉ ਵਾਲੀ ਇਸਤ੍ਰੀ ਸੀ। ਗੁਰਮਤਿ ਵਿਚ ਆਉਣ ਤੋਂ ਪਹਿਲਾਂ ਹੀ ਆਪ ਦੇ ਅੰਦਰ ਪਤੀਬ੍ਰਤਾ ਵਾਲੇ ਉਚੇ ਗੁਣ ਸੁਭਾਇਮਾਨ ਸਨ।

ਭਾਈ ਲਹਿਣਾ ਜੀ ਜਦੋਂ ਦੇ ਗੁਰੂ ਨਾਨਕ ਸਾਹਿਬ ਜੀ ਦੀ ਸ਼ਰਨ ਆਏ, ਉਨ੍ਹਾਂ ਦੇ ਦਿਲ ਵਿਚ ਵੈਸ਼ਨੋ ਦੇਵੀ ਦਾ ਖ਼ਿਆਲ ਮਾਤਰ ਵੀ ਨਾ ਰਿਹਾ। ਗੁਰੂ ਨਾਨਕ ਸਾਹਿਬ ਜੀ ਵਿਚ ਉਨ੍ਹਾਂ ਨੂੰ ਉਹ ਮਹਾਨ ਆਤਮਾ ਨਜ਼ਰ ਆਈ, ਜੋ ਕਥਨ ਤੋਂ ਬਾਹਰ ਹੈ। ਉਹ ਆਪਾ ਵਾਰ ਕੇ ਗੁਰੂ ਸਾਹਿਬ ਦੀ ਸੇਵਾ ਵਿਚ ਜੁਟ ਗਏ। ਖੇਤਾਂ ਵਿਚੋਂ ਚਿਕੜ ਨਾਲ ਭਿਜੀਆਂ ਪੱਠਿਆਂ ਦੀਆਂ ਪੰਡਾਂ ਨੂੰ ਸਿਰ ਤੇ ਚੁਕਣਾ, ਗੰਦੇ ਪਾਣੀ ਵਿਚੋਂ ਕਟੋਰਾ ਕਢਣਾ, ਧਰਮਸਾਲਾ ਵਿਚੋਂ ਮੋਈ ਚੂਹੀ ਚੁਕ ਕੇ ਬਾਹਰ ਸੁਟਣੀ, ਅੱਧੀ ਰਾਤ ਵੇਲੇ ਦਰਿਆ ਰਾਵੀ ਤੇ ਕਪੜੇ ਧੋਣ ਜਾਣਾ, ਆਦਿ ਹੁਕਮ ਮੰਨਣ ਦੀਆਂ ਅਨੇਕਾਂ ਮਿਸਾਲਾਂ ਹਨ, ਜਿਨ੍ਹਾਂ ਵਿਚ ਉਹ ਪੂਰੇ ਉਤਰੇ।

ਫਿਰ ਦੇਖੋ, ਮਾਤਾ ਖੀਵੀ ਜੀ ਵਲ, ਜਿਨ੍ਹਾਂ ਨੇ ਪਤੀ ਦੇ ਕਿਸੇ ਕੰਮ ਵਿਚ ਕਦੇ ਰੋਕ ਨਾ ਪਾਈ। ਇਥੋਂ ਤਕ ਕਿ ਇਕ ਵਾਰੀ ਜਦੋਂ ਪਤੀ ਜੀ ਘਰ ਆਏ ਹੋਏ ਸਨ, ਅਤੇ ਫਿਰ ਜਦੋਂ ਵਾਪਸ ਜਾਣ ਲਗੇ ਤਾਂ ਮਾਤਾ ਖੀਵੀ ਜੀ ਨੇ ਕਿਹਾ, 'ਸਵਾਮੀ ਜੀਉ! ਕੋਈ ਦਾਤ ਬਖ਼ਸ਼ੋ।' ਭਾਈ ਲਹਿਣਾ ਜੀ ਨੇ ਗਦ ਗਦ ਹੋ ਕੇ ਮਾਤਾ ਖੀਵੀ ਜੀ ਨੂੰ ਗੁਰਬਾਣੀ ਦੀ ਇਕ ਸੈਂਚੀ ਦਿੱਤੀ ਕਿ ਇਸ ਨੂੰ ਵਿਚਾਰਿਆ ਕਰੋ। ਇਹ ਧੁਰੋਂ ਆਈ ਬਾਣੀ ਹੈ, ਜੋ ਗੁਰੂ ਨਾਨਕ ਸਾਹਿਬ ਜੀ ਦੀ ਪਵਿੱਤਰ ਰਸਨਾ ਤੋਂ ਪ੍ਰਗਟ ਹੋਈ ਹੈ। ਇਸ ਦਾ ਸਤਿਕਾਰ ਜਿਤਨਾ ਵਧ ਕਰੋਗੇ, ਅਕਾਲ ਪੁਰਖ ਦੀਆਂ ਉਤਨੀਆਂ ਵਧ ਮਿਹਰਾਂ ਤੁਹਾਡੇ ਤੇ ਹੋਣਗੀਆਂ।

ਭਾਈ ਵੀਰ ਸਿੰਘ ਜੀ ਲਿਖਦੇ ਹਨ ਕਿ ਸੁਭਾਗ ਖੀਵੀ ਨੇ ਝੋਲੀ ਅੱਡ ਕੇ ਦਾਤ ਲਈ, ਸਿਰ ਤੇ ਰਖੀ, ਅੱਖਾਂ ਨਾਲ ਲਾਈ ਤੇ ਫਿਰ ਟਿਕਾ ਦਿਤੀ ਉਚੇ ਸੁਚੇ ਸਤਿਕਾਰ ਜੋਗ ਟਿਕਾਣੇ।

[ਅਸ਼ਟ ਗੁਰ ਚਮਤਕਾਰ I, ਪੰਨਾ ੩੭

ਭਾਈ ਲਹਿਣਾ ਜੀ ਤਾਂ ਚਲੇ ਗਏ, ਪਿਛੋਂ ਮਾਤਾ ਖੀਵੀ ਜੀ ਨੇ ਜਿਉਂ ਜਿਉਂ ਗੁਰਬਾਣੀ ਨੂੰ ਵਿਚਾਰਿਆ, ਆਪ ਦੀ ਆਤਮਾ ਉੱਚੀ ਤੋਂ ਉੱਚੀ ਹੁੰਦੀ ਗਈ। ਗੁਰਸਿੱਖੀ ਵਾਲੇ ਕਈ ਗੁਣ ਆਪ ਵਿਚ ਪ੍ਰਵੇਸ਼ ਹੁੰਦੇ ਗਏ।

ਪ੍ਰਿੰਸੀਪਲ ਸਤਿਬੀਰ ਸਿੰਘ ਜੀ ਲਿਖਦੇ ਹਨ ਕਿ ਅਗਲੇ ਸਤ ਸਾਲ ੧੫੩੨ ਤੋਂ ੧੫੩੯, ਉਧਰ ਕਰਤਾਰਪੁਰ ਵਲ ਬਾਬਾ ਲਹਿਣਾ ਜੀ, ਗੁਰੂ ਨਾਨਕ ਦੇਵ ਜੀ ਵਲੋਂ ਪਾਏ ਹਰ ਪਰਚੇ ਨੂੰ ਸਫਲਤਾ ਨਾਲ ਹਲ ਕਰ ਕੇ ਉਨ੍ਹਾਂ ਦਾ ਅੰਗ ਬਣ ਰਹੇ ਸਨ ਤਾਂ ਇਧਰ ਮਾਤਾ ਖੀਵੀ ਜੀ ਸਥੂਲ ਪੂਜਾ ਦੀ ਥਾਂ ਸੇਵਾ, ਸ਼ਬਦ ਤੇ ਸੰਗਤ ਵਿਚ ਲੀਨ ਹੋ ਰਹੇ ਸਨ।

[ਪੁਰਾਤਨ ਇਤਿਹਾਸਕ ਜੀਵਨੀਆਂ, ਪੰਨਾ ੩੨

ਇਤਿਹਾਸ ਵਿਚ ਇਹ ਵੀ ਲਿਖਿਆ ਮਿਲਦਾ ਹੈ ਕਿ ਮਾਤਾ ਖੀਵੀ ਜੀ ਆਪਣੇ ਪਤੀ ਦੀਆਂ ਖੜਾਵਾਂ ਵੀ ਆਪਣੇ ਪਾਸ ਰਖਿਆ ਕਰਦੇ ਸਨ, ਜਿਸ ਨੂੰ ਆਪ ਉੱਚੀ ਥਾਂ ਰਖ ਕੇ ਬਹੁਤ ਸਤਿਕਾਰਿਆ ਕਰਦੇ ਸਨ।

ਵਾਹਿਗੁਰੂ ਦੇ ਭਾਣੇ ਅਨੁਸਾਰ ਸੰਨ ੧੫੩੯ ਈਸਵੀ ਵਿਚ ਜਦੋਂ ਆਪ 'ਲਹਿਣਾ' ਤੋਂ 'ਅੰਗਦ' ਹੋ ਕੇ ਗੁਰ-ਗਦੀ ਤੇ ਬੈਠੇ ਤਾਂ ਉਨ੍ਹਾਂ ਨੂੰ ਖਡੂਰ ਸਾਹਿਬ

www.AKJ.Org

ਚਲੇ ਜਾਣ ਦਾ ਹੁਕਮ ਹੋਇਆ। ਹੁਕਮ ਦੇ ਬਧੇ ਹੋਏ ਗੁਰੂ ਅੰਗਦ ਦੇਵ ਜੀ ਖਡੂਰ ਸਾਹਿਬ ਆ ਗਏ। ਇਥੇ ਮਾਈ ਵਿਰਾਈ ਦੇ ਘਰ ਕਈ ਮਹੀਨੇ ਭਗਤੀ ਕੀਤੀ। ਗੁਰੂ ਨਾਨਕ ਸਾਹਿਬ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਬਾਅਦ ਜਦੋਂ ਗੁਰੂ ਅੰਗਦ ਦੇਵ ਜੀ ਪ੍ਰਗਟ ਹੋਏ ਅਤੇ ਸੰਗਤਾਂ ਨੂੰ ਖੁਲ੍ਹੇ ਦੀਦਾਰੇ ਦੇਣ ਲਗੇ ਤਾਂ ਮਾਤਾ ਖੀਵੀ ਜੀ ਵੀ ਸੰਘਰ ਪਿੰਡ ਤੋਂ ਦਰਸ਼ਨਾਂ ਲਈ ਪੁਜੇ। ਗੁਰੂ ਸਾਹਿਬ ਨੇ ਮਾਤਾ ਖੀਵੀ ਜੀ ਨੂੰ ਕਿਹਾ, "ਜਦੋਂ ਮੇਰੇ ਸੋਹਣੇ ਦਾਤਾ ਜੀ ਨੇ ਸ਼ਬਦ-ਦੌਲਤ ਵੰਡਣ ਦਾ ਹੁਕਮ ਬਖ਼ਸ਼ਿਆ ਸੀ ਤਾਂ ਤੇਰੇ ਹਿਸੇ ਅੰਨ-ਦੇਗ ਦਾ ਕੜਛਾ ਆਇਆ ਸੀ, ਵਰਤਾ।" ਇਹ ਸੁਣ ਕੇ ਮਾਤਾ ਖੀਵੀ ਜੀ ਨੂੰ ਹਦੋਂ ਵਧ ਖੁਸ਼ੀ ਹੋਈ ਅਤੇ ਲੰਗਰ ਦਾ ਸਾਰਾ ਪ੍ਰਬੰਧ ਸੰਭਾਲ ਲਿਆ।

'ਪੰਜਾਬ ਦਾ ਇਤਿਹਾਸ' ਨਾਮੀ ਪੁਸਤਕ ਵਿਚ ਲਿਖਿਆ ਹੋਇਆ ਹੈ ਕਿ ਗੁਰੂ ਅੰਗਦ ਸਾਹਿਬ ਨੇ ਗੁਰੂ ਨਾਨਕ ਦੀ ਜਾਰੀ ਕੀਤੀ ਲੰਗਰ ਦੀ ਸੰਸਥਾ ਨੂੰ ਵਧਾ ਕੇ ਤੇ ਵਿਸਥਾਰ ਕਰ ਕੇ, ਸਿੱਖੀ ਨੂੰ ਇਕ ਅਡਰੀ ਸੰਪਰਦਾ ਦਾ ਰੂਪ ਦੇਣ ਵਲ ਇਕ ਹੋਰ ਮਹੱਤਵ ਪੂਰਨ ਕਦਮ ਚੁਕਿਆ। ਇਸ ਸਾਂਝੇ ਲੰਗਰ ਦੀ ਸੇਵਾ ਗੁਰੂ ਸਾਹਿਬ ਦੀ ਪਤਨੀ ਮਾਤਾ ਖੀਵੀ ਦੇ ਸਪੁਰਦ ਸੀ ਅਤੇ ਇਸ ਦਾ ਖ਼ਰਚ ਸਿੱਖਾਂ ਦੇ ਚੜ੍ਹਾ-ਵਿਆਂ ਵਿਚੋਂ ਪੂਰਾ ਕੀਤਾ ਜਾਂਦਾ ਸੀ।

[ਕਿਰਪਾਲ ਸਿੰਘ ਨਾਰੰਗ ਤੇ ਗਿ: ਲਾਲ ਸਿੰਘ, ਪੰਨਾ ੮੮

ਮਾਤਾ ਖੀਵੀ ਜੀ ਨੇ ਲੰਗਰ ਦੀ ਜੋ ਸ਼ਾਨਦਾਰ ਸੇਵਾ ਕੀਤੀ, ਉਹ ਬੇਮਸਾਲ ਹੈ। ਭਾਈ ਬਲਵੰਡ ਜੀ ਨੇ ਇਸੇ ਲਈ ਆਪ ਨੂੰ ਬਹੁਤ ਸਲਾਹਿਆ ਹੈ ਅਤੇ ਆਪ ਨੂੰ 'ਜਿਸੁ ਬਹੁਤੀ ਛਾਉ ਪਤ੍ਰਾਲੀ' ਤਕ ਕਿਹਾ ਹੈ। ਕਿਉਂਕਿ ਗੁਰਸਿੱਖਾਂ ਨੂੰ ਆਪ ਪੁੱਤਰਾਂ ਵਾਂਗ ਪਿਆਰਦੇ ਸਨ ਅਤੇ ਉਨ੍ਹਾਂ ਲਈ ਆਪ ਦੀ ਛਾਂ ਬਹੁਤ ਪਤਰਾਂ ਵਾਲੀ ਬਹੁਤ (ਸੰਘਣੀ) ਸੀ।

ਮਾਤਾ ਖੀਵੀ ਜੀ ਤੋਂ ਪ੍ਰਭਾਵਤ ਹੋ ਕੇ ਹੋਰ ਵੀ ਕਈ ਗੁਰਸਿੱਖਾਂ ਨੇ ਲੰਗਰ ਦੀ ਸੇਵਾ ਚਾਈ, ਜਿਨ੍ਹਾਂ ਵਿਚੋਂ ਭਾਈ ਕਿਦਾਰਾ ਜੀ ਅਤੇ ਭਾਈ ਜੋਧ ਰਸੋਈਆ ਜੀ ਦੇ ਨਾਂ ਲਏ ਜਾ ਸਕਦੇ ਹਨ। ਭਾਈ ਜੋਧ ਰਸੋਈਆ ਜੀ ਆਰੰਭ ਵਿਚ ਸੰਗਤਾਂ ਦੀਆਂ ਜੂਠੀਆਂ ਪਤਲਾਂ ਖਾ ਖਾ ਕੇ ਪੇਟ ਦੀ ਅੱਗ ਬੁਝਾਉਂਦੇ ਸਨ। ਜਦੋਂ ਮਾਤਾ ਖੀਵੀ ਜੀ ਨੇ ਦੇਖਿਆ ਕਿ ਇਸ ਦੇ ਵਿਤਕਰੇ ਵਾਲੀ ਮੈਲ ਧੋਤੀ ਗਈ ਹੈ ਅਤੇ ਅੰਦਰ ਸਚ ਆ ਵਸਿਆ ਹੈ ਤਾਂ ਇਸ ਨੂੰ ਗੁਰੂ ਸਾਹਿਬ ਪਾਸ ਲੈ ਗਏ। ਗੁਰੂ ਸਾਹਿਬ ਨੇ ਇਸ ਨੂੰ ਸੁਚਾ ਭੋਜਨ ਖਾਣ ਲਈ ਦਿੱਤਾ। ਇਸ ਤੋਂ ਬਾਅਦ ਇਹ ਸੁਚਾ ਭੋਜਨ ਖਾਣ ਲਗ ਪਏ। ਜਦੋਂ ਫਿਰ ਕਿਸੇ ਨੇ ਪੁਛਿਆ, ਹੁਣ ਤਾਂ ਸੁੱਚਾ ਭੋਜਨ ਖਾਂਦੇ ਹੋ ਤਾਂ ਇਸ ਨੇ ਬੜੀ ਨਿਮ੍ਰਤਾ ਨਾਲ ਉਤਰ ਦੇਣਾ, ਪਹਿਲਾਂ ਅੰਦਰ ਵਿਤਕਰੇ ਦੀ ਮੈਲ ਭਰੀ ਪਈ ਸੀ ਜੋ ਸੰਗਤਾਂ ਦੀਆਂ ਜੂਠੀਆਂ ਪਤਲਾਂ ਨਾਲ ਧੋਤੀ ਗਈ ਹੈ। ਹੁਣ ਅੰਦਰ ਸਚ ਦਾ ਵਾਸ ਹੋ ਚੁਕਾ ਹੈ, ਇਸ ਲਈ ਸੁਚਾ ਭੋਜਨ ਹੀ ਠੀਕ ਜਚਦਾ ਹੈ।

ਗੁਰੂ ਅੰਗਦ ਦੇਵ ਜੀ ਦੇ ਗ੍ਰਿਹਿ ਵਿਖੇ ਮਾਤਾ ਖੀਵੀ ਜੀ ਦੀ ਪਵਿੱਤਰ ਕੁਖੋਂ ਦੋ ਸਾਹਿਬਜ਼ਾਦਿਆਂ ਤੇ ਦੋ ਬੀਬੀਆਂ ਨੇ ਜਨਮ ਲਿਆ, ਜਿਨ੍ਹਾਂ ਦੇ ਨਾਮ ਇਤਿਹਾਸ ਵਿਚ ਇਉਂ ਦਰਜ ਹਨ :—

੧. ਬਾਬਾ ਦਾਸੂ ਜੀ, ੨. ਬਾਬਾ ਦਾਤੂ ਜੀ, ੩. ਬੀਬੀ ਅਮਰੋ ਜੀ, ੪. ਬੀਬੀ ਅਨੋਖੀ ਜੀ।

ਗੁਰੂ ਅੰਗਦ ਸਾਹਿਬ ਗੁਰਸਿੱਖਾਂ ਵਲੋਂ ਜਿਤਨਾ ਚੜ੍ਹਾਵਾ ਆਉਂਦਾ ਸੀ, ਉਸ ਨੂੰ ਨਿਜ ਲਈ ਕਦੀ ਨਹੀਂ ਸਨ ਵਰਤਦੇ। ਇਥੋਂ ਤਕ ਕਿ ਆਪ ਪ੍ਰਸ਼ਾਦਾ ਵੀ ਲੰਗਰ ਵਿਚੋਂ ਨਹੀਂ ਸਨ ਛਕਿਆ ਕਰਦੇ। ਆਪ ਚੜ੍ਹਾਵੇ ਨੂੰ ਪੂਜਾ ਦਾ ਧਨ ਸਮਝ ਕੇ ਸਾਰਾ ਕੁਝ ਧਾਰਮਕ ਕੰਮਾਂ ਵਿਚ ਖ਼ਰਚ ਕਰ ਦਿੰਦੇ ਸਨ। ਆਪ ਗੁਰੂ ਨਾਨਕ ਸਾਹਿਬ ਜੀ ਦੇ ਇਸ ਸ਼ਬਦ ਅਨੁਸਾਰ—

'ਘਾਲਿ ਖਾਇ ਕਿਛੁ ਹਥਹੁ ਦੇਇ ॥
ਨਾਨਕ ਰਾਹੁ ਪਛਾਣਹਿ ਸੇਇ ॥'

ਮੁੰਜ ਵਟਿਆ ਕਰਦੇ ਸਨ ਅਤੇ ਉਸ ਵਿਚੋਂ ਜੋ ਪ੍ਰਾਪਤੀ ਹੁੰਦੀ ਸੀ, ਉਸ ਦਾ ਮਾਤਾ ਖੀਵੀ ਜੀ ਆਪਣੇ ਹੱਥੀਂ ਭੋਜਨ ਤਿਆਰ ਕਰ ਕੇ ਗੁਰੂ ਸਾਹਿਬ ਨੂੰ ਛਕਾਉਂਦੇ ਸਨ। ਮਾਤਾ ਖੀਵੀ ਜੀ ਖ਼ੁਦ ਵੀ ਇਸੇ ਹੁਕਮ ਦੇ ਪਾਬੰਦ ਸਨ ਅਤੇ ਔਲਾਦ ਨੂੰ ਵੀ ਇਹੋ ਹੁਕਮ ਦੇ ਰਖਿਆ ਸੀ।

ਸਾਡੇ ਤੀਜੇ ਗੁਰੂ, ਗੁਰੂ ਅਮਰ ਦਾਸ ਜੀ ਹੋਏ



www.AKJ.Org

ਹਨ। ਇਨ੍ਹਾਂ ਨੇ ਗੁਰੂ ਅੰਗਦ ਸਾਹਿਬ ਜੀ ਦੀ ਚਰਨ ਸ਼ਰਨ ਰਹਿ ਕੇ ਜੋ ਘਾਲ ਕਮਾਈ ਕੀਤੀ, ਉਹ ਸਿੱਖੀ ਜੀਵਨ ਦੀ ਜੀਉਂਦੀ ਜਾਗਦੀ ਮਿਸਾਲ ਹੈ। ਗੁਰੂ ਸਾਹਿਬ ਨੇ ਇਨ੍ਹਾਂ ਨੂੰ ਹੁਕਮ ਦਿੱਤਾ, 'ਪੁਰਖਾ! ਆਪਣੇ ਪਿੰਡ ਬਾਸਰਕੇ ਚਲੇ ਜਾਉ। ਉਥੇ ਲੋਕਾਂ ਨੂੰ ਇਕ ਵਾਹਿਗੁਰੂ ਦਾ ਨਾਮ ਦ੍ਰਿੜ੍ਹਾਉ। ਇਨ੍ਹਾਂ ਨੇ ਹੁਕਮ ਮੰਨਿਆ ਅਤੇ ਬਾਸਰਕੇ ਰਵਾਨਾ ਹੋ ਗਏ। ਗੁਰੂ ਅੰਗਦ ਸਾਹਿਬ ਜੀ ਦੇ ਸਾਹਿਬਜ਼ਾਦਿਆਂ ਬਾਬਾ ਦਾਸੂ ਜੀ ਅਤੇ ਬਾਬਾ ਦਾਤੂ ਜੀ ਨੂੰ ਕਿਸੇ ਨੇ ਭੜਕਾ ਦਿੱਤਾ ਕਿ ਤੁਹਾਡੇ ਘਰ ਦਾ ਟਹਿਲੀਆ (ਗੁਰੂ) ਅਮਰਦਾਸ (ਜੀ) ਤਾਂ ਤੁਹਾਡੇ ਪਿਤਾ ਕੋਲੋਂ ਸਭ ਕੁਝ ਖੋਹ ਕੇ ਲੈ ਗਿਆ ਹੈ। ਤੁਸੀਂ ਕਾਸ ਲਈ ਬੈਠੇ ਹੋ? ਇਸ ਚੁਕਣਾ ਵਿਚ ਆ ਕੇ ਉਹ ਘੋੜਿਆਂ ਤੇ ਚੜ੍ਹ ਕੇ (ਗੁਰੂ) ਅਮਰਦਾਸ ਜੀ ਦੇ ਪਿਛੇ ਗਏ। ਰਸਤੇ ਵਿਚ ਹੀ ਕੋਈ ਅਜਿਹਾ ਭਾਣਾ ਵਰਤਿਆ ਕਿ ਹੱਥ ਛਾਤੀ ਨਾਲ ਜੁੜ ਗਏ। ਉਹ ਨਿਰਾਸ ਹੋ ਕੇ ਵਾਪਸ ਮੁੜ ਆਏ ਅਤੇ ਆਪਣੇ ਕੀਤੇ ਤੇ ਪਛਤਾਉਣ ਲਗੇ। ਮਾਤਾ ਖੀਵੀ ਜੀ ਨੂੰ ਉਨ੍ਹਾਂ ਦੀ ਹਾਲਤ ਦੇਖ ਕੇ ਬਹੁਤ ਤਰਸ ਆਇਆ। ਆਪ ਉਨ੍ਹਾਂ ਨੂੰ ਗੁਰੂ ਅੰਗਦ ਦੇਵ ਜੀ ਪਾਸ ਲੈ ਗਏ। ਗੁਰੂ ਸਾਹਿਬ ਨੇ ਅਗੋਂ ਬਾਸਰਕੇ ਜਾਣ ਲਈ ਆਗਿਆ ਦਿਤੀ ਕਿ ਇਨ੍ਹਾਂ ਨੂੰ ਸ੍ਰੀ ਅਮਰਦਾਸ ਜੀ ਠੀਕ ਕਰਨਗੇ।

ਹੁਣ ਦੇਖੋ! ਮਾਤਾ ਖੀਵੀ ਜੀ ਦੀ ਨਿਮ੍ਰਤਾ ਦੀ ਹੱਦ!! ਹਉਮੈ ਨੂੰ ਕਿਵੇਂ ਮਾਰਿਆ ਹੋਇਆ ਸੀ? ਜ਼ਰਾ ਖ਼ਿਆਲ ਨ ਕੀਤਾ ਕਿ ਇਕ ਟਹਿਲੀਏ ਅਗੇ ਸਿਰ ਕਿਉਂ ਝੁਕਾਈਏ। ਆਪ ਤਾਂ ਆਪਣੇ ਪਤੀ ਦੀ ਰਜ਼ਾ ਵਿਚ ਰਾਜ਼ੀ ਸਨ। ਆਪ ਪੁੱਤਰਾਂ ਨੂੰ ਲੈ ਕੇ ਬਾਸਰਕੇ ਪੁਜੇ ਅਤੇ ਸ੍ਰੀ ਅਮਰਦਾਸ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ।

ਸ੍ਰੀ ਅਮਰਦਾਸ ਜੀ ਨੇ ਕਿਹਾ—"ਮੇਰੀ ਜਗਤ-ਪੂਜ ਮਾਤਾ ਜੀਉ! ਤੁਸੀਂ ਇਨ੍ਹਾਂ ਨੂੰ ਗੁਰੂ ਜੀ ਪਾਸ ਲੈ ਜਾਣਾ ਸੀ। ਇਨ੍ਹਾਂ ਨੂੰ ਰਾਜ਼ੀ ਕਰਨਾ ਉਨ੍ਹਾਂ ਲਈ ਮਾਮੂਲੀ ਗੱਲ ਹੈ।

ਮਾਤਾ ਖੀਵੀ ਜੀ—ਮੈਂ ਇਨ੍ਹਾਂ ਨੂੰ ਗੁਰੂ-ਪਤੀ ਪਾਸ ਲੈ ਕੇ ਗਈ ਸੀ, ਪਰ ਉਨ੍ਹਾਂ ਨੇ ਇਨ੍ਹਾਂ ਨੂੰ ਰਾਜ਼ੀ ਕਰਨ ਦੀ ਡੀਊਟੀ ਤੁਹਾਡੇ ਜ਼ਿਮੇ ਲਈ ਹੈ, ਕਿਉਂਕਿ ਉਹ ਤੁਹਾਡੇ ਵਿਰੁਧ ਘੋੜਿਆਂ ਤੇ ਚੜ੍ਹ ਕੇ ਗਏ ਸਨ। ਹੁਣ ਤੁਸੀਂ ਇਨ੍ਹਾਂ ਨੂੰ ਬਖਸ਼ ਦਿਉ।

ਸ੍ਰੀ ਅਮਰਦਾਸ ਜੀ—ਸਚ ਜਾਣੋ ਮਾਤਾ ਜੀ, ਮੈਂ ਇਨ੍ਹਾਂ ਦਾ ਬੁਰਾ ਨਹੀਂ ਚਿਤਵਿਆ। ਫਿਰ ਪਤਾ ਨਹੀਂ, ਹੱਥ ਕਿਉਂ ਜੁੜ ਗਏ? ਚੰਗਾ ਮਾਤਾ ਜੀ! ਮੈਂ ਇਨ੍ਹਾਂ ਨੂੰ ਗੁਰੂ ਅੰਗਦ ਸਾਹਿਬ ਜੀ ਦੀ ਬਖ਼ਸ਼ੀ ਦਾਤ ਸਦਕਾ ਰਾਜ਼ੀ ਹੋਣ ਦੀ ਅਸੀਸ ਦਿੰਦਾ ਹਾਂ।

ਮਾਤਾ ਖੀਵੀ ਜੀ—ਮੈਂ ਜਾਣਦੀ ਹਾਂ ਕਿ ਤੁਸੀਂ ਨਿਰਵੈਰ ਹੋ। ਤੁਸੀਂ ਪੁੱਤਰਾਂ ਦਾ ਬੁਰਾ ਨਹੀਂ ਚਿਤਵ ਸਕਦੇ। ਪਰ ਅਕਾਲ ਪੁਰਖ ਵਲੋਂ ਤਾਂ ਇਨ੍ਹਾਂ ਨੂੰ ਆਪਣੇ ਕੀਤੇ ਦੀ ਸਜ਼ਾ ਮਿਲਣੀ ਜ਼ੁ ਸੀ।

ਸ੍ਰੀ ਅਮਰਦਾਸ ਜੀ ਨੇ 'ਧੰਨ ਗੁਰੂ ਅੰਗਦ ਸਾਹਿਬ' ਕਹਿੰਦੇ ਹੋਏ ਜਦੋਂ ਸਾਹਿਬਜ਼ਾਦਿਆਂ ਵਲ ਦੇਖਿਆ ਤਾਂ ਉਨ੍ਹਾਂ ਦੇ ਹੱਥ ਠੀਕ ਹੋ ਗਏ। ਜਦੋਂ ਉਹ ਨੌ-ਬਰ ਨੌ ਹੋ ਗਏ ਮਾਤਾ ਖੀਵੀ ਜੀ ਉਨ੍ਹਾਂ ਨੂੰ ਲੈ ਕੇ ਖਡੂਰ ਸਾਹਿਬ ਵਾਪਸ ਆ ਗਏ।

ਇਤਿਹਾਸ ਵਿਚ ਮਾਤਾ ਖੀਵੀ ਜੀ ਦਾ ਇਕ ਹੋਰ ਵੀ ਗੁਣ ਪ੍ਰਗਟ ਹੁੰਦਾ ਹੈ। ਉਹ ਇਸ ਤਰ੍ਹਾਂ ਕਿ ਜਦੋਂ ਗੁਰੂ ਅੰਗਦ ਦੇਵ ਜੀ ਨੇ ਸੰਨ ੧੫੫੨ ਈਸਵੀ ਵਿਚ ਸ੍ਰੀ ਅਮਰਦਾਸ ਜੀ ਨੂੰ ਗਦੀ ਸੌਂਪ ਦਿੱਤੀ ਅਤੇ ਆਪ ਜੋਤੀ ਜੋਤਿ ਸਮਾ ਗਏ ਤਾਂ ਬਾਬਾ ਦਾਤੂ ਜੀ ਨੇ ਆਪਣੇ ਗੁੱਸੇ ਦਾ ਪ੍ਰਗਟਾਵਾ ਕਰਨ ਲਈ ਗੁਰੂ ਅਮਰਦਾਸ ਜੀ ਨੂੰ ਲੱਤ ਮਾਰ ਦਿੱਤੀ। ਗੁਰੂ ਅਮਰਦਾਸ ਜੀ ਨੇ ਅਗੋਂ 'ਤੁਹਾਡੇ ਕੋਮਲ ਚਰਨ ਅਤੇ ਸਾਡੇ ਹੱਡ ਕਰੜੇ' ਕਹਿ ਕੇ ਨਿਮ੍ਰਤਾ ਦੀ ਹੱਦ ਮੁਕਾ ਦਿੱਤੀ। ਬਾਬਾ ਦਾਤੂ ਜੀ ਨੇ ਜੋ ਕੁਝ ਕੀਤਾ, ਉਸ ਨਾਲ ਮਾਤਾ ਖੀਵੀ ਜੀ ਦੇ ਮਨ ਨੂੰ ਡਾਢੀ ਸੱਟ ਵਜੀ। ਆਪਣੇ ਅਜਿਹੇ ਪੁੱਤਰ ਨੂੰ ਸਦਾ ਲਈ ਤਿਆਗ ਦਿੱਤਾ। ਸਤਿਗੁਰੂ ਤੋਂ ਬੇਮੁਖ ਹੋਏ ਪੁੱਤਰ ਦਾ ਸਾਥ ਨ ਦਿੰਦੇ ਹੋਏ, ਆਪ ਨੇ ਸਿੱਖੀ ਜੀਵਨ ਦੇ ਸੁਨਹਿਰੀ ਪੂਰਨੇ ਪਾਏ।

ਮਾਤਾ ਖੀਵੀ ਜੀ ਦਾ ਦੇਹਾਂਤ, ਗੁਰੂ ਅਰਜਨ ਦੇਵ ਜੀ ਦੇ ਸਮੇਂ ਸੰਨ ੧੫੮੨ ਈਸਵੀ ਵਿਚ ਖਡੂਰ ਸਾਹਿਬ ਵਿਖੇ ਹੋਇਆ।


www.AKJ.Org

# ਦੁਖ ਦੀ ਗੱਲ

[ਵਲੋਂ—ਇਕ ਸੇਵਕ ਜੀ]

ਕਿਤਨੇ ਦੁਖ ਦੀ ਗੱਲ ਹੈ ਕਿ ਜਿਸ ਕੌਮ ਨੂੰ ਮੁਕੰਮਲ ਕਰਨ ਵਿਚ ਮਤਵਾਤਰ ੨੩੯ ਸਾਲ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਦਾ ਸਮਾਂ) ਲਗਾ ਹੋਵੇ ਅਤੇ ਜਿਸ ਦੀ ਉਸਾਰੀ ਵਿਚ ਪੰਜਵੇਂ ਅਤੇ ਨੌਵੇਂ ਗੁਰੂ ਸਾਹਿਬ ਦੀ ਸ਼ਹੀਦੀ ਦਾ ਖ਼ੂਨ ਹੀ ਨ ਡੁਲ੍ਹਿਆ ਹੋਵੇ, ਸਗੋਂ ਚਾਰ ਸਾਹਿਬਜ਼ਾਦਿਆ, ਪੰਜ ਪਿਆਰਿਆਂ ਅਤੇ ਲਖਾਂ ਹੀ ਸਿੰਘ-ਸਿੰਘਣੀਆਂ ਬੱਚਿਆਂ ਦੀ ਕੁਰਬਾਨੀ ਇਸ ਨੂੰ ਸੰਪੂਰਨਤਾ ਨਾਲ ਸਿਖਰ ਉਤੇ ਪੁਜਣ ਵਿਚ ਸਹਾਇਕ ਹੋਈ ਹੋਵੇ, ਐਸੀ ਕੌਮ ਦੇ ਹਜ਼ਾਰਾਂ ਨਹੀਂ ਸਗੋਂ ਲਖਾਂ ਬੰਦਿਆਂ ਨੂੰ ਜੇ ਇਕ ਐਸੀ ਚੰਦਰੀ ਬੀਮਾਰੀ ਲਗ ਜਾਏ ਜਿਸ ਨੇ ਲਖਾਂ ਨੂੰ ਬਰਬਾਦ ਕੀਤਾ ਅਤੇ ਲਖਾਂ ਨੂੰ ਹੀ ਬਰਬਾਦ ਕਰ ਰਹੀ ਹੋਵੇ, ਤਾਂ ਦਸੋ ! ਦੁਖ ਹੁੰਦਾ ਹੈ ਕਿ ਨਹੀਂ ?

ਇਸ ਕੌਮ ਨੂੰ ਗੁਰੂ ਸਾਹਿਬਾਂ ਨੇ ਰੱਬੀ ਗੁਣ ਬਖ਼ਸ਼ੇ, ਇਕ ਨਮੂਨੇ ਦਾ ਜੀਵਨ ਜੀਊਣ ਦੀ ਜਾਚ ਦਸੀ, ਅਤੇ ਆਉਣ ਵਾਲੇ ਸਮੇਂ ਵਿਚ ਵੀ ਆਦਰਸ਼ਕ ਜੀਵਨ ਜੀਊਣ ਲਈ ਜੋ ਸੇਧਾਂ ਜ਼ਰੂਰੀ ਸਨ, ਉਨ੍ਹਾਂ ਨੂੰ ਗੁਰਬਾਣੀ ਵਿਚ ਅੰਕਿਤ ਕਰ ਦਿਤਾ ਹੈ, ਤਾਂ ਜੁ ਕੌਮ ਵਿਚ ਮਗਰੋਂ ਕਿਸੇ ਕਿਸਮ ਦਾ ਭੁਲੇਖਾ ਜਾਂ ਵਹਿਮ ਨ ਰਹਿ ਜਾਏ।

ਕਹਿਣ ਕਹਾਉਣ ਨੂੰ ਤਾਂ ਅਸੀਂ ਸਾਰੇ ਗੁਰੂ ਕੇ ਸਿਖ ਹੀ ਅਖਵਾਉਂਦੇ ਹਾਂ, ਗੁਰਦੁਆਰੇ ਵੀ ਜਾਂਦੇ ਹਾਂ, ਦੇਗਾਂ ਵੀ ਕਰਾਉਂਦੇ ਹਾਂ, ਪਰ ਜਦ ਗੁਰੂ ਸਾਹਿਬ ਦੇ ਦਰਸਾਏ ਹੋਏ ਅਸੂਲਾਂ (ਹੁਕਮਾਂ) ਅਨੁਸਾਰ ਅਪਣੇ ਜੀਵਨ ਵਲ ਝਾਤ ਮਾਰਦੇ ਹਾਂ ਤਾਂ ਪਤਾ ਲਗਦਾ ਹੈ ਕਿ ਅਸੀਂ ਕਿਤਨੇ ਕੁ ਸਚੇ ਸਿਖ ਹਾਂ ਜਾਂ ਕਿਤਨੇ ਕੁ ਕਚੇ ਹਾਂ ?

**ਚੰਦਰੀ ਬਿਮਾਰੀ ਦੀ ਗੱਲ—**

ਗੱਲ ਚੰਦਰੀ ਬੀਮਾਰੀ ਦੀ ਚਲ ਰਹੀ ਸੀ। ਇਹ ਚੰਦਰੀ ਬਿਮਾਰੀ ਸ਼ਰਾਬ ਪੀਣ ਦੀ ਐਸੀ ਹੈ ਜਿਸ ਨੇ ਹਜ਼ਾਰਾਂ ਨਹੀਂ, ਸਗੋਂ ਲਖਾਂ ਘਰਾਂ ਨੂੰ ਤਬਾਹ ਕੀਤਾ। ਇਸ ਦੀ ਵਰਤੋਂ ਕਰਨ ਨਾਲ ਲਖਾਂ ਜੀਵਨ ਬਰਬਾਦ ਹੋਏ ਅਤੇ ਲਖਾਂ ਹੀ ਬਰਬਾਦ ਹੋ ਰਹੇ ਹਨ, ਪਰ ਫਿਰ ਵੀ ਬੱਚਿਆਂ ਤੋਂ ਲੈ ਕੇ ਬੁੱਢਿਆਂ ਤਕ ਇਸਦੇ ਪਿਆਕ ਬਣਦੇ ਹੀ ਜਾ ਰਹੇ ਹਨ। ਬਣਨ ਵੀ ਕਿਉਂ ਨ, ਜਦ ਕਿ ਪੁਤਰ ਜੰਮੇ, ਧੀ ਜੰਮੇ, ਸ਼ਰਾਬ ਤੋਂ ਬਗ਼ੈਰ ਦੂਜੀ ਗੱਲ ਹੀ ਨਹੀਂ ਹੁੰਦੀ। ਵਿਆਹ ਸ਼ਾਦੀਆਂ ਦੀ ਤਾਂ ਗੱਲ ਹੀ ਛਡੋ ਕਿ ਕਿਸ ਤਰ੍ਹਾਂ ਕਈ ਵਾਰ ਸਾਰੇ ਦੇ ਸਾਰੇ ਬਰਾਤੀ ਦਰਜਨਾਂ ਬੋਤਲਾਂ ਚੜ੍ਹਾ ਕੇ ਆਪੇ ਤੋਂ ਬਾਹਿਰ ਹੋ ਕੇ ਅਬਾ ਤਬਾ ਬੋਲਦੇ ਫਿਰਦੇ ਹਨ।

ਘਰ ਆਏ ਮਹਿਮਾਨ ਦੀ ਪ੍ਰਾਹੁਣਚਾਰੀ ਵੀ ਜਦ ਸ਼ਰਾਬ ਤੋਂ ਬਗ਼ੈਰ ਹੋਰ ਕਿਸੇ ਚੀਜ਼ ਨਾਲ ਕਰਨੀ ਠੀਕ ਨਾ ਸਮਝੀ ਜਾਣ ਲਗੇ ਤਾਂ ਦਸੋ ! ਘਰ ਵਾਲੇ ਬੱਚਿਆਂ ਨੇ ਇਸ ਤਰ੍ਹਾਂ ਦੇ ਰੋਜ ਸ਼ਰਾਬ ਪੀਣ ਪਿਆਉਣ ਦੇ 'ਕੌਤਕ' ਦੇਖ ਕੇ ਕੀ ਅਸਰ ਕਬੂਲਣਾ ਹੈ ? ਨਤੀਜਾ ਇਹੋ ਨਿਕਲ ਰਿਹਾ ਹੈ ਕਿ ਬੱਚਿਆਂ ਸਣੇ ਕੌਮ ਅਧੀ ਤੋਂ ਵਧ ਸ਼ਰਾਬ ਪੀਣ ਵਾਲੀ ਬਣ ਗਈ ਹੈ ਅਤੇ ਹੋਰ ਬਣਦੀ ਜਾ ਰਹੀ ਹੈ।

ਇਸੇ ਕਰਕੇ ਸਾਡੇ ਜੁਆਨਾਂ ਦਾ ਤੇਜ-ਬਲ ਜਿਥੇ ਦਿਨੋ ਦਿਨ ਘਟਦਾ ਜਾ ਰਿਹਾ ਹੈ ਉਥੇ ਇਸ ਸ਼ਰਾਬ ਅਤੇ ਹੋਰ ਆਚਰਨਕ ਗਿਰਾਵਟ ਨੂੰ ਸ਼ਹਿ ਦੇਣ ਵਾਲੇ ਸਿਨੇਮਾ, ਰੇਡੀਓ ਟੈਲੀਵੀਜਨ ਆਦਿ ਐਸੇ ਸਾਧਨ ਨਾਲ ਮਿਲ ਗਏ ਹਨ ਜਿਸ ਦਾ ਸਦਕਾ ਦਿਨੋ ਦਿਨ ਸਾਡੇ ਜਵਾਨਾਂ ਦਾ ਆਚਰਨ ਗਿਰਦਾ ਹੀ ਜਾ ਰਿਹਾ ਹੈ।

**ਗੁਰੂ ਸਾਹਿਬ ਦੇ ਹੁਕਮ—**

ਲਗ ਪਗ ਸਭ ਧਰਮਾਂ ਵਿਚ ਹਰ ਪਰਕਾਰ ਦੇ ਨਸ਼ਿਆਂ ਦੀ ਮਨਾਹੀ ਹੈ। ਪਰ ਸ਼ਰਾਬ ਬਾਰੇ ਤਾਂ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਕਈ ਥਾਵਾਂ ਤੇ ਇਸ ਦੀ ਵਰਤੋਂ ਕਰਨ ਵਾਲਿਆਂ ਨੂੰ ਬੜੇ ਸਖ਼ਤ ਸ਼ਬਦਾਂ ਵਿਚ ਤਾੜਨਾ ਕੀਤੀ ਹੋਈ ਹੈ—



www.AKJ.Org

ਜਿਤੁ ਪੀਤੈ ਮਤਿ ਦੂਰਿ ਹੋਇ, ਬਰਲੁ ਪਵੈ ਵਿਚਿ ਆਇ ॥ ਆਪਣਾ ਪਰਾਇਆ ਨ ਪਛਾਣਈ, ਖਸਮਹੁ ਧਕੇ ਖਾਇ ॥

[ਬਿਹਾਗੜੇ ਕੀ ਵਾਰ, ੫੫੪

ਇਹ ਸ਼ਰਾਬ ਐਸੀ ਹੈ ਜਿਸ ਦੇ ਪੀਣ ਨਾਲ ਮਤ ਅਕਲ ਚਲੀ ਜਾਂਦੀ ਹੈ, ਭਾਵ ਮਤ ਮਾਰੀ ਜਾਂਦੀ ਹੈ ਅਤੇ ਅਕਲ ਦੀ ਥਾਂ ਪਾਗਲਪਨ ਪੈਦਾ ਹੋ ਜਾਂਦਾ ਹੈ। ਜਿਸ ਪਾਗਲਪਨ ਦੇ ਨਾਲ-ਸ਼ਰਾਬੀ ਮਨੁਖ ਨੂੰ ਆਪਣੇ ਅਤੇ ਪਰਾਏ ਦੀ ਪਛਾਣ ਨਹੀਂ ਰਹਿੰਦੀ। ਇਸੇ ਕਰਕੇ ਮਨ-ਆਏ ਗਲਤ ਕੰਮ ਕਰਦਾ ਹੈ, ਜਿਸ ਕਰਕੇ ਉਸ ਨੂੰ ਪ੍ਰਭੂ ਦੇ ਦਰਬਾਰ ਤੋਂ ਧਕੇ ਖਾਣੇ ਪੈਂਦੇ ਹਨ। ਤੀਜੇ ਗੁਰੂ ਸਾਹਿਬ ਇਸ ਤੋਂ ਅਗੇ ਕਹਿੰਦੇ ਹਨ :—

ਜਿਤੁ ਪੀਤੈ ਖਸਮੁ ਵਿਸਰੈ, ਦਰਗਹਿ ਮਿਲੈ ਸਜਾਇ ॥ ਝੂਠਾ ਮਦੁ ਮੂਲਿ ਨ ਪੀਚਈ, ਜੇ ਕਾ ਪਾਰਿ ਵਸਾਇ ॥

ਇਸ ਸ਼ਰਾਬ ਦੇ ਪੀਣ ਨਾਲ ਪ੍ਰਭੂ ਮਾਲਕ ਭੁਲ ਜਾਂਦਾ ਹੈ ਅਤੇ ਦਰਗਾਹ ਵਿਚ ਸਜ਼ਾ ਮਿਲਦੀ ਹੈ। ਇਸ ਲਈ ਗੁਰੂ ਸਾਹਿਬ ਕਹਿੰਦੇ ਹਨ ਕਿ ਅਜਿਹਾ ਨਸ਼ਾ ਕਦੇ ਭੁਲਕੇ ਵੀ ਨਹੀਂ ਪੀਣਾ ਚਾਹੀਦਾ।

ਗੁਰਬਾਣੀ ਵਿਚ ਇਹੋ ਜਿਹੇ ਸਪੱਸ਼ਟ ਹੁਕਮ ਪੜ੍ਹ ਕੇ ਸ਼ਕ ਦੀ ਕੋਈ ਗੁੰਜਾਇਸ਼ ਨਹੀਂ ਰਹਿੰਦੀ, ਪਰ ਆਪਣੇ ਆਪ ਨੂੰ ਗੁਰੂ ਕੇ ਸਿਖ ਅਖਵਾਉਣ ਵਾਲੇ, ਉਪਰ ਲਿਖੇ ਗੁਰੂ-ਹੁਕਮਾਂ ਦੀ ਉਲੰਘਣ ਕਰ ਕੇ ਜਿਥੇ ਗੁਰੂ ਤੋਂ ਬੇਮੁਖ ਹੋ ਰਹੇ ਹਨ ਉਥੇ ਆਪਣਾ ਧਨ, ਆਪਣੀ ਸਿਹਤ ਅਤੇ ਇਖ਼ਲਾਕ ਨੂੰ ਬਰਬਾਦ ਕਰਨ ਉਤੇ ਪਤਾ ਨਹੀਂ ਕਿਉਂ ਤੁਲੇ ਹੋਏ ਹਨ ?

**ਕੌਮੀ ਸਰਕਾਰਾਂ ਦੇ ਫ਼ਰਜ਼—**

ਚਾਹੀਦਾ ਤਾਂ ਇਹ ਸੀ ਕਿ ਸ਼ਰਾਬ ਦੀ ਵਰਤੋਂ ਉਤੇ ਸਰਕਾਰ ਪਾਬੰਦੀ ਲਾਉਂਦੀ, ਕਿਉਂਕਿ ਆਜ਼ਾਦੀ ਤੋਂ ਪਹਿਲਾਂ ਮਹਾਤਮਾ ਗਾਂਧੀ ਅਤੇ ਹੋਰ ਨੇਤਾ ਸ਼ਰਾਬ ਦੇ ਵਿਰੁੱਧ ਸਖ਼ਤ ਪਰਚਾਰ ਕਰਦੇ ਹੁੰਦੇ ਸਨ। ਉਸ ਸਮੇਂ ਸ਼ਰਾਬ ਦੇ ਖੋਲ੍ਹਣ ਉਤੇ ਪਾਬੰਦੀ ਲਾਉਣ ਲਈ ਸਾਡੇ ਇਹ ਲੀਡਰ ਜਲਸੇ ਜਲੂਸ ਕਢ ਕੇ ਅੰਗਰੇਜ਼ ਸਰਕਾਰ ਦੀ ਵਿਰੋਧਤਾ ਕਰਦੇ ਸਨ। ਪਰ ਹੁਣ ਇਸ ਤੋਂ ਉਲਟ ਸਰਕਾਰ ਸ਼ਰਾਬ ਉਤੇ ਟੈਕਸ ਦੀ ਆਮਦਨ ਦੇ ਲਾਲਚ ਕਾਰਨ ਥਾਂ ਥਾਂ ਠੇਕੇ ਖੁਲ੍ਹਾ ਰਹੀ ਹੈ।

ਜ਼ਰਾ ਠੰਢੇ ਦਿਲ ਨਾਲ ਵੀਚਾਰ ਕਰਨ ਤੇ ਪਤਾ ਲਗਦਾ ਹੈ ਕਿ ਸ਼ਰਾਬ ਦੀ ਆਮਦਨ ਨਾਲੋਂ ਸ਼ਰਾਬ ਦੀ ਵਰਤੋਂ ਕਰਨ ਵਾਲਿਆਂ ਦੀਆਂ ਗਲਤ ਕਾਰ-ਵਾਈਆਂ ਕਾਰਨ ਜੋ ਖ਼ਰਚ ਸਰਕਾਰ ਨੂੰ ਕਰਨਾ ਪੈਂਦਾ ਹੈ, ਉਹ ਆਮਦਨ ਨਾਲੋਂ ਕਿਤੇ ਜ਼ਿਆਦਾ ਹੁੰਦਾ ਹੈ। ਵੇਰਵਾ ਅਗੇ ਵੇਖੋ।

ਅਮਰੀਕਾ ਇਕ ਉਨਤ ਦੇਸ਼ ਹੈ। ਉਸ ਦੇਸ਼ ਬਾਰੇ ਇਕ ਵਾਰੀ ਰਿਪੋਰਟ ਛਪੀ ਸੀ ਜਿਸ ਵਿਚ ਦਰਜ ਸੀ ਕਿ—

(੧) ਅਮਰੀਕਾ ਵਿਚ ਇਕ ਸਾਲ ਵਿਚ ਸ਼ਰਾਬੀ ਡਰਾਈਵਰਾਂ ਨੇ ਦਸ ਹਜ਼ਾਰ ਤੋਂ ਵਧ ਬੰਦੇ ਮੋਟਰਾਂ ਥਲੇ ਦੇ ਕੇ ਮਾਰੇ ਸਨ ਅਤੇ ੩੫,੦੦੦ ਤੋਂ ਵਧ ਜ਼ਖ਼ਮੀ ਕੀਤੇ ਸਨ।

(੨) ਸ਼ਰਾਬ ਤੋਂ ਪੈਦਾ ਹੋਈ ਗੈਰਹਾਜ਼ਰੀ ਕਾਰਨ ਸਰਕਾਰ ਦੀ ਸਾਲ ਵਿਚ ੧੪ ਅਰਬ ਰੁਪਏ ਤੋਂ ਵਧ ਹਾਨੀ ਹੁੰਦੀ ਹੈ। (ਪ੍ਰਾਈਵੇਟ ਵਖਰੀ)

(੩) ਪੁਲੀਸ, ਅਦਾਲਤਾਂ, ਜੇਲ੍ਹਾਂ ਆਦਿ ਦੇ ਖਰਚੇ ਇਨ੍ਹਾਂ ਤੋਂ ਵਖਰੇ ਹਨ, ਜੋ ਕਿ ਸ਼ਰਾਬ ਕਾਰਨ ਉਪਜੀਆਂ ਬੀਮਾਰੀਆਂ ਲਈ ਬਣਾਈਆਂ ਗਈਆਂ ਹਨ।

ਇਹ ਇਕ ਉਨਤ ਦੇਸ਼ ਦਾ ਹਾਲ ਹੈ। ਇਸ ਦੇਸ਼ ਦੇ ਮੁਕਾਬਲੇ 'ਚ ਸਾਡਾ ਭਾਰਤ ਦੇਸ਼ ਬਹੁਤ ਪਛੜਿਆ ਹੋਇਆ ਹੈ। ਇਥੇ ਸ਼ਰਾਬ ਕਾਰਨ ਹੋਣ ਵਾਲੀਆਂ ਹਾਨੀਆਂ ਦਾ ਅੰਦਾਜ਼ਾ ਲਾਉਣਾ ਹੀ ਮੁਸ਼ਕਲ ਹੈ। ਪਰ ਕੁਝ ਸਾਲ ਹੋਏ ਸਾਡੀ ਕੇਂਦਰੀ ਸਰਕਾਰ ਨੇ ਸ਼ਰਾਬ ਅਤੇ ਹੋਰ ਨਸ਼ਿਆਂ ਦੀ ਪੜਤਾਲ ਕਰਨ ਬਾਰੇ ਇਕ ਤਿੰਨ ਮੈਂਬਰੀ ਕਮੇਟੀ ਬਣਾਈ ਸੀ, ਜਿਸ ਦੇ ਮੁਖੀ ਜਸਟਿਸ ਟੇਕ ਚੰਦ ਜੀ ਸਨ। ਉਨ੍ਹਾਂ ਨੇ ਸਰਕਾਰ ਨੂੰ ੧੨੦੦ ਸਫੇ ਦੀ ਲੰਮੀ ਰਿਪੋਰਟ ਵਿਚ ਸ਼ਰਾਬ ਪੀ ਕੇ ਕੀਤੇ ਹੋਏ ਮਾੜੇ ਕੰਮਾਂ ਦੇ ਅੰਕੜੇ ਜੋ ਪੁਲਸ ਨੇ ਦਰਜ ਕੀਤੇ, ਕੁਝ ਇਸ ਤਰ੍ਹਾਂ ਦਸੇ ਹਨ :—

(੧) ੭੧ ਫ਼ੀ ਸਦੀ ਮਨੁਖ ਐਸੇ ਹਿਰਾਸਤ ਵਿਚ



www.AKJ.Org

ਲਏ ਗਏ ਜੋ ਕਿ ਸ਼ਰਾਬ ਪੀ ਕੇ ਕੋਈ ਦੁਰਘਟਨਾ ਕਰਨ ਲਈ ਤੁਲੇ ਹੋਏ ਸਨ।

(੨) ੯੦ ਫ਼ੀ ਸਦੀ ਵਿਭਚਾਰ ਕਰਨ ਵਾਲੇ ਮਨੁਖ ਸ਼ਰਾਬੀ ਹੁੰਦੇ ਹਨ।

(੩) ੯੫ ਫ਼ੀ ਸਦੀ ਚੋਰੀ ਕਰਨ ਵਾਲੇ ਸ਼ਰਾਬੀ ਪਾਏ ਗਏ ਹਨ।

(੪) ੯੯ ਫ਼ੀ ਸਦੀ ਵਿਭਚਾਰ ਕਰਨ ਵਾਲੇ

(੫) ੭੪ ,, ,, ਡਾਕੇ ਮਾਰਨ ਵਾਲੇ

(੬) ੭੦ ,, ,, ਸੰਨ੍ਹਾਂ ਲਾਉਣ ਵਾਲੇ

(੭) ੮੩ ,, ,, ਦੰਗੇ ਫ਼ਸਾਦ ਕਾਰਨ ਫੱਟੜ ਹੋਣ ਵਾਲੇ

(੮) ੮੫ ਫ਼ੀ ਸਦੀ ਬੰਦੂਕ ਪਸਤੌਲਾਂ ਦੀ ਗ਼ਲਤ ਵਰਤੋਂ ਕਰਨ ਵਾਲੇ

(੯) ੯੩ ਫ਼ੀ ਸਦੀ ਤੇਜ਼ ਧਾਰ ਹਥਿਆਰ ਦੀ ਵਰਤੋਂ ਕਾਰਨ ਫਟੜ ਕਰਨ ਜਾਂ ਹੋਣ ਵਾਲੇ ਸ਼ਰਾਬੀ ਹੀ ਹੁੰਦੇ ਹਨ।

(੧੦) ੯੦ ਫ਼ੀ ਸਦੀ ਸ਼ਰਾਬੀ ਮਾਤਾ ਪਿਤਾ, ਆਪਣੇ ਬੱਚਿਆਂ ਵਲੋਂ ਅਣਗਹਿਲੀ ਕਰਨ ਕਰਕੇ, ਉਨ੍ਹਾਂ ਦੀ ਪਾਲਨਾ ਪੋਸਨਾ ਅਤੇ ਉਨ੍ਹਾਂ ਦੀ ਪੜ੍ਹਾਈ ਲਿਖਾਈ ਵਲ ਚੰਗੀ ਤਰ੍ਹਾਂ ਧਿਆਨ ਨਹੀਂ ਦਿੰਦੇ। ਇਹ ਅੰਕੜੇ ਤਾਂ ਥਾਣਿਆਂ ਤੋਂ ਪ੍ਰਾਪਤ ਹੋਏ ਹਨ। ਇਸ ਤੋਂ ਇਲਾਵਾ ਹੋਰ ਬੜਾ ਕੁਝ ਹੁੰਦਾ ਹੈ, ਜੋ ਥਾਣਿਆਂ ਵਿਚ ਦਰਜ ਨਹੀਂ ਹੁੰਦਾ। ਪਰ ਇਨ੍ਹਾਂ ਅੰਕੜਿਆਂ ਤੋਂ ਚੰਗੀ ਤਰ੍ਹਾਂ ਸਿਧ ਹੋ ਜਾਂਦਾ ਹੈ ਕਿ ਸਾਡੇ ਦੇਸ਼ ਵਿਚ ਜਿਤਨੀਆਂ ਸਮਾਜਿਕ ਬੁਰਾਈਆਂ ਸ਼ਰਾਬ ਪੀਣ ਵਾਲੇ ਲੋਕ ਕਰਦੇ ਹਨ, ਹੋਰ ਕੋਈ ਨਹੀਂ ਕਰਦਾ।

ਹਿੰਦੂ ਧਰਮ ਵਿਚ ਵੀ ਸ਼ਰਾਬ ਪੀਣਾ ਮਹਾਨ ਪਾਪ ਹੈ ਅਤੇ ਸ਼ਰਾਬ ਪੀਣ ਵਾਲੇ ਮਨੁਖ ਦਾ ਜਪ-ਤਪ, ਕਰਮ-ਧਰਮ, ਹੋਮ ਜਗ, ਪਾਠ ਪੂਜਾ ਅਤੇ ਤੀਰਥ ਇਸ਼ਨਾਨ ਕੋਈ ਵੀ ਨਹੀਂ ਫਲਦਾ। ਜਿਸ ਤਰ੍ਹਾਂ ਬੀਜ ਭਾਵੇਂ ਕਿਤਨਾ ਹੀ ਤਾਜ਼ਾ ਤੇ ਨਰੋਆ ਹੋਵੇ ਜੇ ਧਰਤੀ ਹੀ ਮਾੜੀ ਹੋਵੇਗੀ ਤਾਂ ਬੀਜ ਕਦੇ ਨਹੀਂ ਉਗੇਗਾ, ਇਸ ਤਰ੍ਹਾਂ ਸ਼ਰਾਬੀ ਆਦਮੀ ਦਾ ਹਿਰਦਾ ਐਬੀ ਹੋ ਜਾਂਦਾ ਹੈ। ਕਿਉਂਕਿ ਸ਼ਰਾਬ ਬਹੁਤ ਸਾਰੇ ਐਬਾਂ ਦਾ ਮੂਲ, ਮੁੱਢ ਜਾਂ ਜੜ੍ਹ ਹੈ।

ਪੁਰਾਣਾਂ ਵਿਚ, ਕੁਰਾਨ ਤੇ ਅੰਜੀਲ ਵਿਚ ਵੀ ਇਸਦੀ ਨਿਖੇਧੀ ਕੀਤੀ ਗਈ ਹੈ। ਬਾਈਬਲ ਵਿਚ ਸ਼ਰਾਬ ਨੂੰ ਸ਼ੈਤਾਨ ਦਾ ਪਾਣੀ ਕਿਹਾ ਗਿਆ ਹੈ ਕਿਉਂਕਿ ਇਸ ਦੇ ਪੀਣ ਨਾਲ ਹੀ ਬਹੁਤ ਸਾਰੀਆਂ ਸ਼ੈਤਾਨੀਆਂ ਪੈਦਾ ਹੁੰਦੀਆਂ ਹਨ।

ਸਾਡੀਆਂ ਧਾਰਮਿਕ ਸੰਸਥਾਵਾਂ, ਸਿੰਘ-ਸਭਾਵਾਂ ਅਤੇ ਰਾਗੀ ਪ੍ਰਚਾਰਕ ਆਦਿ ਸਭ ਬੁਰਾਈਆਂ ਦੀ ਜੜ੍ਹ ਇਸ ਸ਼ਰਾਬ ਵਿਰੁਧ ਖੁਲ੍ਹਮ ਖੁਲ੍ਹਾ ਪ੍ਰਚਾਰ ਕਿਉਂ ਨਹੀਂ ਕਰਦੇ ? ਦਰਅਸਲ ਕਮੇਟੀਆਂ ਦੇ ਮੈਂਬਰਾਂ ਨੂੰ ਵੋਟਾਂ ਦੀ ਲੋੜ ਹੁੰਦੀ ਹੈ ਅਤੇ ਸ਼ਰਾਬ ਪੀਣ ਵਾਲੇ, ਵੋਟਰ ਬਣਨ ਵੇਲੇ ਫਾਰਮ ਉਤੇ ਝੂਠ ਲਿਖ ਦਿੰਦੇ ਹਨ ਕਿ ਅਸੀਂ ਸ਼ਰਾਬ ਨਹੀਂ ਪੀਂਦੇ। ਇਸੇ ਤਰ੍ਹਾਂ ਰਾਗੀ ਪ੍ਰਚਾਰਕਾਂ ਨੂੰ ਸ਼ਾਇਦ ਆਪ ਇਸਦਾ ਸੁਆਦ ਹੁੰਦਾ ਹੈ ਜਾਂ ਡਰ ਹੁੰਦਾ ਹੈ ਕਿ ਇਸ ਵਿਰੁਧ ਪ੍ਰਚਾਰ ਕਰਨ ਨਾਲ ਸ਼ਰਾਬੀ ਸ੍ਰੋਤੇ ਉਨ੍ਹਾਂ ਨੂੰ ਮਾਇਆ ਦੇ ਗਫੇ ਨਹੀਂ ਦੇਣਗੇ। ਇਸ ਤਰ੍ਹਾਂ ਸ਼ਬਦ ਭੇਟ ਦੇ ਲਾਲਚ ਕਰਕੇ ਸ਼ਾਇਦ ਉਹ ਖੁਲ੍ਹਮ ਖੁਲ੍ਹਾ ਇਸ ਵਿਰੁਧ ਪ੍ਰਚਾਰ ਨਹੀਂ ਕਰਦੇ।

ਇਸ ਲਈ :—

(੧) ਜਿਹੜੀ ਸ਼ਰਾਬ ਸਾਨੂੰ ਇਖਲਾਕ ਤੋਂ ਡੇਗਦੀ ਹੈ,

(੨) ਸਾਡੀ ਸਿਹਤ ਨੂੰ ਖ਼ਰਾਬ ਕਰਦੀ ਹੈ,

(੩) ਸਾਡੇ ਘਰ ਦਾ ਉਜਾੜਾ ਕਰਦੀ ਹੈ,

(੪) ਸਾਨੂੰ ਮੰਦੇ ਕੰਮ ਕਰਨ ਲਈ ਪ੍ਰੇਰਿਤ ਕਰਦੀ ਹੈ,

(੫) ਉਹ ਸ਼ਰਾਬ ਸਾਨੂੰ ਆਪਣੇ ਗੁਰੂ ਤੋਂ ਵੀ ਬੇਮੁਖ ਕਰਦੀ ਹੈ।

ਇਸ ਲਈ ਗੁਰੂ ਦੇ ਸਿਖ ਅਖਵਾਉਣ ਵਾਲਿਆਂ ਨੂੰ ਆਪਣੇ ਗੁਰੂ ਦੇ ਬਚਨਾਂ ਵਲ ਧਿਆਨ ਕਰਦੇ ਹੋਏ, ਇਸਦਾ ਤਿਆਗ ਕਰਨਾ ਚਾਹੀਦਾ ਹੈ, ਕਿਉਂਕਿ ਇਸਦੀ ਵਰਤੋਂ ਨਾਲ ਆਪਣੇ ਤੇ ਪਰਾਏ ਦੀ ਪਛਾਣ ਨਹੀਂ ਰਹਿੰਦੀ।



www.AKJ.Org

ਗੁਰੂ ਦਾ ਸਿਖ ਸਮਝਦਾ ਹੈ ਕਿ ਉਸ ਲਈ ਗੁਰੂ ਦਾ ਹੁਕਮ ਮੰਨਣਾ ਸਭ ਤੋਂ ਵਧ ਜ਼ਰੂਰੀ ਹੈ। ਜਿਹੜੇ ਸਿਖ ਗੁਰੂ ਦੇ ਹੁਕਮ ਵਲ ਧਿਆਨ ਨਹੀਂ ਕਰਦੇ ਉਨ੍ਹਾਂ ਨੂੰ ਬੇਮੁਖ ਕਿਹਾ ਜਾਂਦਾ ਹੈ। ਬੇਮੁਖਾਂ ਬਾਰੇ ਗੁਰਬਾਣੀ ਵਿਚ ਲਿਖਿਆ ਹੋਇਆ ਹੈ—

ਵੇਮੁਖ ਹੋਏ ਰਾਮ ਤੇ, ਲਗਨਿ ਜਨਮ ਵਿਜੋਗ।

[ਪੰਨਾ ੧੩੫

ਰਾਮ, ਗੁਰੂ ਜਾਂ ਪ੍ਰਭੂ ਤੋਂ ਬੇਮੁਖ ਹੋਣ ਨਾਲ ਜਨਮ-ਜਨਮਾਂਤਰਾਂ ਦੇ ਵਿਛੋੜੇ ਪੈ ਜਾਂਦੇ ਹਨ। ਕਿਉਂਕ ਮਨੁੱਖਾ ਜਨਮ ਗੋਬਿੰਦ ਪ੍ਰਭੂ ਨੂੰ ਮਿਲਣ ਲਈ ਹੀ ਮਿਲਿਆ ਹੈ, ਜਿਵੇਂ :—

ਗੋਬਿੰਦ ਮਿਲਣ ਦੀ ਇਹ ਤੇਰੀ ਬਰੀਆ।

ਜੇ ਇਸ ਜਨਮ ਵਿਚ ਬੇਮੁਖ ਹੋ ਗਏ ਤਾਂ ਚੋਰਾਸੀ ਦੇ ਗੇੜ ਵਿਚ ਪੈ ਕੇ ਹਮੇਸ਼ਾ ਲਈ ਵਿਛੜ ਕੇ ਦੁਖੀ ਹੁੰਦੇ ਰਹਾਂਗੇ ਅਤੇ ਪਛਤਾਉਂਦੇ ਰਵਾਂਗੇ। ਪਰ ਉਸ ਵੇਲੇ ਪਛਤਾਵਾ ਕਰਨ ਨਾਲ ਕੁਝ ਨਹੀਂ ਬਣੇਗਾ।

ਇਸ ਲਈ ਸਾਨੂੰ ਹੁਣੇ ਹੀ ਇਸ ਬਾਰੇ ਸੋਚਣਾ ਚਾਹੀਦਾ ਹੈ ਤੇ ਇਸ ਸ਼ਰਾਬ ਦਾ ਤਿਆਗ ਕਰਨਾ ਚਾਹੀਦਾ ਹੈ।

—o—

## ਗੁਰਦੁਆਰਾ ਰਾਮਪੁਰ ਖੇੜਾ ਵਿਖੇ ਨਾਮ ਅਭਿਆਸ ਕਮਾਈ ਸਮਾਗਮ

### ੧੧ ਜੁਲਾਈ ਐਤਵਾਰ ਤੋਂ ੧੮ ਜੁਲਾਈ ੧੯੭੬ ਐਤਵਾਰ ਤਕ

ਪਿਛਲੇ ਸਾਲਾਂ ਵਾਂਗ ਗੁਰਦਆਰਾ ਸਾਹਿਬ ਵਿਖੇ ਨਾਮ ਅਭਿਆਸ ਕਮਾਈ ਸਮਾਗਮ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਹੋ ਰਹੇ ਹਨ। ਨਾਮ ਬਾਣੀ ਦੇ ਰਸੀਏ ਵੀਰ ਭੈਣਾਂ ਇਨ੍ਹਾਂ ਸਮਾਗਮਾਂ ਵਿਚ ਪੁਜ ਕੇ ਸੱਚਾ ਸੁੱਚਾ ਰਸ ਮਾਣੋ ਜੀ।

**ਅੰਮ੍ਰਿਤ ਵੇਲਾ**—੨-੦੦ ਤੋਂ ੩-੪੫ ਇਸ਼ਨਾਨ ਤੇ ਨਿਤਨੇਮ (ਨਿਜੀ) ੩-੪੫ ਤੋਂ ੪-੦੦ ਬਨਫ਼ਸ਼ਾ
੪-੦੦ ਤੋਂ ੫-੧੫ ਪ੍ਰਕਾਸ਼ ਤੇ ਨਾਮ ਅਭਿਆਸ ਗੁਪਤ (ਸੰਗਤੀ) ੫-੧੫ ਤੋਂ ੭-੧੫ ਆਸਾ ਦੀ ਵਾਰ
੭-੧੫ ਤੋਂ ੮-੧੫ ਹੁਕਮਨਾਮੇ ਦੀ ਵੀਚਾਰ ਤੇ ਅਰਦਾਸ ੧੦-੦੦ ਤਕ ਅਲਪ ਅਹਾਰ ਤੇ ਬਿਸਰਾਮ

**ਦੁਪਹਿਰ**—੧੦-੦੦ ਤੋਂ ੧੧-੧੫ ਸੁਖਮਨੀ ਸਾਹਿਬ ਜੋਟੀਆਂ ਵਿਚ ੧੧-੧੫ ਤੋਂ ੧੨-੩੦ ਕਥਾ
੧੨-੩੦ ਤੋਂ ੩-੩੦ ਅਲਪ ਅਹਾਰ ਤੇ ਬਿਸਰਾਮ ੩-੩੦ ਤੋਂ ੪-੦੦ ਬਨਫ਼ਸ਼ਾ

**ਸ਼ਾਮ**—੪ ਤੋਂ ੫ ਨਾਮ ਅਭਿਆਸ ਗੁਪਤ (ਸੰਗਤੀ) ੫ ਤੋਂ ੭-੪੫ ਤਕ ਕੀਰਤਨ, ਸੋਦਰ ਆਰਤੀ ਤੇ ਅਰਦਾਸ
੭-੪੫ ਤੋਂ ੮ ਸੁਖਾਸਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ੯-੩੦ ਤਕ ਅਲਪ ਅਹਾਰ ਤੇ ਨਾਮ ਅਭਿਆਸ ਗੁਪਤ

**ਨੋਟ**:—੧. ਜ਼ੋਰਦਾਰ ਪ੍ਰਾਰਥਨਾ ਹੈ ਕਿ ਇਕਾਂਤ ਭੰਗ ਕਰਨ ਵਾਲੇ ਬੱਚੇ ਬਿਲਕੁਲ ਨਾ ਲਿਆਂਦੇ ਜਾਣ।
੨. ਦਸੂਹਾ ਹੁਸ਼ਿਆਰਪੁਰ ਰੋਡ ਤੇ ਗੜ੍ਹਦੀਵਾਲਾ ਬਸ ਸਟੈਂਡ ਦੇ ਨੇੜੇ ਪਿੰਡ ਗੋਂਦਪੁਰ ਉਤਰੋ ਜੀ।

**ਪੰਥ ਦਾ ਦਾਸ—ਹਰਨਾਮ ਸਿੰਘ, ਗੁਰਦੁਆਰਾ ਰਾਮਪੁਰ ਖੇੜਾ, ਡਾਕਘਰ ਗੜ੍ਹਦੀਵਾਲਾ (ਹੁਸ਼ਿਆਰਪੁਰ)**

## ਬਠਿੰਡੇ ਵਿਖੇ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ-ਸੰਚਾਰ

ਸਮੂਹ ਸੰਗਤਾਂ ਨੂੰ ਵਿਦਤ ਕੀਤਾ ਜਾਂਦਾ ਹੈ ਕਿ ੨੪ ਜੁਲਾਈ ੧੯੭੬ ਸ਼ਨੀਵਾਰ ਦੀ ਰਾਤ ਨੂੰ ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ ਬਠਿੰਡਾ ਵਿਖੇ ਰੈਣਸਬਾਈ ਕੀਰਤਨ ਤੇ ਅੰਮ੍ਰਿਤ-ਸੰਚਾਰ ਹੋ ਰਹੇ ਹਨ। ਕਈ ਜ਼ਿਲਿਆਂ ਦੇ ਅਖੰਡ ਕੀਰਤਨੀ ਜੱਥੇ ਸ਼ਾਮਲ ਹੋ ਰਹੇ ਹਨ। ਹਾਜ਼ਰੀਆਂ ਭਰ ਕੇ ਹਰਿ-ਜਸ ਦੇ ਲਾਹੇ ਪ੍ਰਾਪਤ ਕਰੋ ਜੀ।

ਦਾਸ—ਸਰਦੂਲ ਸਿੰਘ c/o ਅਜੀਤ ਸਿੰਘ ਐਂਡ ਸਨਜ਼, ਬਜ਼ਾਜ਼, ਪੁਰਾਣਾ ਸੱਟਾ ਬਜ਼ਾਰ, ਬਠਿੰਡਾ



www.AKJ.Org

# ਸਤਿਗੁਰੂ ਦਾ ਦੀਵਾਨ ਅਤੇ ਸਾਡਾ ਫ਼ਰਜ਼

ਗੁਰਬਾਣੀ ਤੇ ਨਿਸ਼ਚਾ ਰਖਣ ਵਾਲੇ ਸਮੂੰਹ ਮਾਈ ਭਾਈ ਸਤਿਗੁਰੂ ਦੇ ਦੀਵਾਨਾਂ ਵਿਚ ਜੁੜਦੇ ਅਤੇ ਨਾਮ ਬਾਣੀ ਦੇ ਕੀਰਤਨ ਅਤੇ ਗੁਰਬਾਣੀ-ਵੀਚਾਰ ਦੇ ਲਾਹੇ ਮਾਣਦੇ ਅਨੰਦਤ ਹੁੰਦੇ ਹਨ। ਸਤਿਗੁਰਾਂ ਦੇ ਇਹ ਦੀਵਾਨ ਇਤਿਹਾਸਕ ਗੁਰ-ਅਸਥਾਨਾਂ ਵਿਖੇ, ਗਲੀਆਂ ਮਹੱਲਿਆਂ ਤੇ ਪਿੰਡਾਂ ਦੇ ਗੁਰਦੁਆਰਿਆਂ ਵਿਖੇ ਸਜਦੇ ਸਜਾਂਦੇ ਰਹਿੰਦੇ ਹਨ। ਗੁਰ-ਅਸਥਾਨਾਂ ਤੋਂ ਇਲਾਵਾ ਰਿਹਾਇਸ਼ੀ ਘਰਾਂ ਵਿਖੇ ਵੀ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰਨ ਲਈ ਸਾਧ ਸੰਗਤ ਦੇ ਜੋੜ-ਮੇਲ ਕੀਤੇ ਜਾਂਦੇ ਹਨ ਅਤੇ ਗੁਰੂ ਕੇ ਦੀਵਾਨ ਸਜਾਏ ਜਾਂਦੇ ਹਨ।

ਸਤਿਗੁਰੂ ਸੱਚੇ ਪਾਤਿਸ਼ਾਹ ਦਾ ਜਿਥੇ ਵੀ ਦੀਵਾਨ ਸਜੇ, ਉਨ੍ਹਾਂ ਦੇ ਸਤਿਕਾਰ ਵਜੋਂ ਸਾਡੇ ਕੁਝ ਫ਼ਰਜ਼ ਹਨ, ਜਿਨ੍ਹਾਂ ਦਾ ਧਿਆਨ ਵਿਚ ਰਖਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਦੀ ਕੁਝ ਕੁ ਸੇਧ ਇਸ ਤਰ੍ਹਾਂ ਹੈ :—

੧. ਸਤਿਗੁਰੂ ਪਾਤਿਸ਼ਾਹ ਦਾ ਜਿਥੇ ਵੀ ਦੀਵਾਨ ਸਜੇ, ਉਹ ਅਸਥਾਨ ਜਿਥੋਂ ਤਕ ਵਧ ਤੋਂ ਵਧ ਹੋ ਸਕੇ, ਬੜਾ ਸਵੱਛ, ਸਾਫ਼ ਸੁਥਰਾ, ਖੁਲ੍ਹਾ ਤੇ ਹਵਾਦਾਰ ਹੋਣਾ ਜ਼ਰੂਰੀ ਹੈ। ਬਜ਼ਾਰਾਂ ਵਿਚ ਸ਼ਮਿਆਨੇ ਲਾ ਕੇ ਅਤੇ ਹੱਟੀਆਂ ਵਿਚ, ਜਿਥੋਂ ਕਿ ਆਮ ਲੁਕਾਈ ਦਾ ਲਾਂਘਾ ਹੁੰਦਾ ਹੈ, ਮਹਾਰਾਜ ਦਾ ਪ੍ਰਕਾਸ਼ ਕਰਨਾ ਅਤੇ ਸ੍ਰੀ ਅਖੰਡਪਾਠ ਰਖਣੇ ਘੋਰ ਬੇਅਦਬੀ ਹੈ। ਅਜਿਹੀਆਂ ਥਾਵਾਂ ਤੇ ਸਿਗਰਟ ਪੀਂਦਿਆਂ, ਊਤ ਪਟਾਂਗ ਬੋਲਦਿਆਂ ਆਦਿ ਲੋਕਾਂ ਨੇ ਲੰਘਣਾ ਹੁੰਦਾ ਹੈ। ਉਥੇ ਸਤਿਕਾਰ ਕਿਵੇਂ ਰਹਿ ਸਕਦਾ ਹੈ ?

੨. ਸਤਿਗੁਰੂ ਪਿਤਾ ਜੀ ਦੇ ਹੇਠ ਵਿਛਾਈ ਸਾਫ਼ ਸੁਥਰੀ ਤੇ ਸੁੰਦਰ ਹੋਵੇ ਅਤੇ ਗੁਰੂ ਮਹਾਰਾਜ ਦੇ ਹੇਠ ਵਿਛਾਏ ਜਾਣ ਵਾਲੇ ਬਸਤਰ——ਚੱਦਰ, ਖੇਸ ਜਾਂ ਗਲੀਚਾ ਆਦਿ ਆਪਣੀ ਨਿਜੀ ਵਰਤੋਂ ਵਾਲਾ ਨਹੀਂ ਹੋਣਾ ਚਾਹੀਦਾ।

੩. ਦੀਵਾਨ-ਅਸਥਾਨ ਤੇ ਕਿਸੇ ਕਿਸਮ ਦੀ ਕੋਈ ਤਸਵੀਰ ਨਹੀਂ ਹੋਣੀ ਚਾਹੀਦੀ, ਨਾ ਹੀ ਨਿਜੀ ਜਾਂ ਪਰਵਾਰਕ ਜਾਂ ਕੋਈ ਹੋਰ। ਗੁਰੂ ਸਾਹਿਬਾਨ ਦੀਆਂ ਸਭ ਫ਼ੋਟੋਆਂ ਫ਼ਰਜ਼ੀ ਹਨ। ਗੁਰੂ ਦੀ ਮੂਰਤਿ ਗੁਰ-ਸ਼ਬਦ ਹੈ, ਗੁਰਬਾਣੀ ਤੋਂ ਬਿਨਾਂ ਹੋਰ ਉਥੇ ਕੁਝ ਨਹੀਂ ਹੋਣਾ ਚਾਹੀਦਾ।

੪. ਗੁਰੂ ਮਹਾਰਾਜ ਦੇ ਸੁਖਾਸਨ ਵਾਲੇ ਰੁਮਾਲੇ ਨਿਰਮਲ ਤੇ ਸਵੱਛ ਹੋਣੇ ਚਾਹੀਦੇ ਹਨ, ਵਟੋ-ਵਟ ਕੀਤੇ ਅਤੇ ਮੈਲੇ ਰੁਮਾਲੇ ਸ਼ੋਭਾ ਨਹੀਂ ਪਾਉਂਦੇ। ਪ੍ਰਕਾਸ਼ ਸਮੇਂ ਵਰਤੇ ਜਾਣ ਵਾਲੇ ਉਪਰ ਦੇ ਰੁਮਾਲੇ ਵੀ ਸੋਹਣੇ ਤੇ ਸਾਫ਼ ਹੋਣੇ ਜ਼ਰੂਰੀ ਹਨ, ਫੋਟੋਆਂ ਵਾਲੇ ਰੁਮਾਲੇ ਬਿਲਕੁਲ ਨਹੀਂ ਵਰਤਣੇ ਚਾਹੀਦੇ।

੫. ਸਤਿਗੁਰੂ ਜੀ ਦੀ ਸਵਾਰੀ ਘਰ ਵਿਚ ਲਿਆਉਣ ਲਗਿਆਂ ਘਟੋ ਘਟ ਪੰਜ ਸਿੰਘ ਨਾਲ ਹੋਣ, ਅਤੇ ਸਵਾਰੀ ਨੇੜੇ ਤੋਂ ਨੇੜੇ ਅਸਥਾਨ ਤੋਂ ਲਿਆਉਣੀ ਚਾਹੀਦੀ ਹੈ। ਰਿਕਸ਼ਿਆਂ ਤੇ ਸਾਈਕਲਾਂ ਪਿਛੇ ਮਹਾਰਾਜ ਦੀ ਦੇਹ ਰਖ ਕੇ ਲਿਆਉਣੀ ਮਹਾਨ ਬੇਅਦਬੀ ਹੈ। ਪੈਦਲ ਚਲ ਕੇ ਸੀਸ ਤੇ ਸਤਿਕਾਰ ਸਹਿਤ ਮਹਾਰਾਜ ਦੀ ਅਸਵਾਰੀ ਲਿਆਉਣੀ ਚਾਹੀਦੀ ਹੈ। ਜੇ ਮਜਬੂਰਨ ਕਿਤੋਂ ਦੂਰੋਂ ਲਿਆਉਣੀ ਪਏ ਤਾਂ ਕਾਰ ਵਿਚ ਸਤਿਕਾਰ ਸਹਿਤ ਲਿਆਵੋ ਜੀ।

**੬. ਸਰਬੱਤ ਗੁਰਸਿਖ ਮਾਈ ਭਾਈ ਨੂੰ ਇਸ ਗੱਲ ਦਾ ਉਚੇਚਾ ਧਿਆਨ ਰੱਖਣਾ ਚਾਹੀਦਾ ਹੈ ਕਿ ਜਿਥੇ ਕਿਤੇ ਵੀ ਸਤਿਗੁਰੂ ਦਾ ਦੀਵਾਨ ਸਜੇ ਉਥੇ ਸਤਿਗੁਰਾਂ ਦੇ ਜੁੜਤ ਅੱਖਰਾਂ ਵਾਲੇ ਸਰੂਪ ਦਾ ਹੀ ਪ੍ਰਕਾਸ਼ ਕੀਤਾ ਜਾਵੇ।**

ਕੁਝ ਸੁਖ-ਰਹਿਣੇ ਲੋਕਾਂ ਅਤੇ ਸਸਤੀ ਗੁਰਸਿਖੀ ਪ੍ਰਾਪਤ ਕਰਨ ਵਾਲੇ ਸਜਣਾਂ ਨੇ ਸਤਿਗੁਰੂ ਦੇ ਪਦ-ਛੇਦ ਸਰੂਪ ਪ੍ਰਕਾਸ਼ ਕਰਨ ਦੀ ਪ੍ਰਪਾਟੀ ਚਲਾ ਦਿਤੀ ਹੈ ਜੋ ਕਿ ਮਹਾਨ ਭੁਲ ਹੈ। ਦੁਕਾਨਦਾਰਾਂ ਨੇ ਮਾਇਆ ਕਮਾਉਣ ਲਈ ਇਹ ਮਨਮਤੀ ਕਾਢ ਕਢੀ ਤੇ



www.AKJ.Org

ਪਦ-ਛੇਦ ਬੀੜਾਂ ਛਾਪ ਕੇ ਭੋਲੀ ਭਾਲੀ ਜਨਤਾ ਨੂੰ ਇਸ ਪੁੱਠੇ ਵਹਿਣ ਵਿਚ ਪਾ ਦਿਤਾ ਹੈ।

ਦੁਕਾਨਦਾਰਾਂ ਦੀ ਇਸ ਗ਼ਲਤ-ਪ੍ਰਪਾਟੀ ਨੂੰ ਰੋਕਣ ਲਈ ੧੯੪੫ ਵਿਚ ਚੀਫ਼ ਖ਼ਾਲਸਾ ਦੀਵਾਨ ਨੇ ਮਤਾ ਪਾਸ ਕੀਤਾ ਸੀ ਕਿ ਨਾ ਹੀ ਪਦ-ਛੇਦ ਬੀੜ ਦਾ ਪ੍ਰਕਾਸ਼ ਹੋਣਾ ਜਾਇਜ਼ ਹੈ ਅਤੇ ਨਾ ਹੀ ਇਸ ਤੋਂ ਅਖੰਡਪਾਠ ਕਰਨਾ ਜਾਇਜ਼ ਹੈ। ਸ਼੍ਰੋਮਣੀ ਕਮੇਟੀ ਨੇ ਵੀ ੧੯੫੦ ਵਿਚ ਇਸ ਭਾਵ ਦਾ ਮਤਾ ਪਾਸ ਕੀਤਾ ਸੀ ਕਿ ਪਦ-ਛੇਦ ਬੀੜ ਨਹੀਂ ਛਪਣੀ ਚਾਹੀਦੀ ਅਤੇ ਨਾ ਹੀ ਪਦ-ਛੇਦ ਬੀੜ ਦਾ ਪ੍ਰਕਾਸ਼ ਹੋਣਾ ਚਾਹੀਦਾ ਹੈ।

ਹੁਣ ਸ਼੍ਰੋਮਣੀ ਕਮੇਟੀ ਵੀ ਦੁਕਾਨਦਾਰਾਂ ਦੀ ਰੀਸੇ ਪਦ-ਛੇਦ ਬੀੜ ਛਪਵਾਉਣ ਦੀ ਤਿਆਰੀ ਕਰ ਰਹੀ ਹੈ, ਜੋ ਕਿ ਮਹਾਨ ਭੁਲ ਹੈ। ਗੁਰਬਾਣੀ ਦੇ ਸ਼ਬਦ-ਜੋੜਾਂ ਅਤੇ ਲਗ-ਮਾਤਰੀ ਨਿਯਮਾਂ ਦੀ ਪੂਰੀ ਸਮਝ ਕਿਸੇ ਨੂੰ ਹੋ ਹੀ ਨਹੀਂ ਸਕਦੀ, ਇਸ ਕਰਕੇ ਸਹੀ ਸਹੀ ਪਦ-ਛੇਦ ਕਦਾਚਿਤ ਹੋ ਨਹੀਂ ਸਕਦਾ। ਇਸ ਮਨਮਤ ਤੋਂ ਬਚਣਾ ਹੀ ਯੋਗ ਹੈ।

੭. ਸਤਿਗੁਰਾਂ ਦਾ ਪ੍ਰਕਾਸ਼ ਹੋਣ ਉਪਰੰਤ ਸ਼ਹਿਨ-ਸ਼ਾਹ ਪਿਤਾ ਦੇ ਅਦਬ ਸਤਿਕਾਰ ਦਾ ਪੂਰਾ ਖ਼ਿਆਲ ਰਖਿਆ ਜਾਵੇ ਅਤੇ ਪੂਰਨ ਭੈ-ਭਾਵਨੀ ਵਿਚ ਦੀਵਾਨ ਵਿਚ ਬੈਠਿਆ ਜਾਵੇ।

੮. ਸਤਿਗੁਰੂ ਦੀ ਤਾਬਿਆ ਬੈਠਣ ਵਾਲਾ ਸਿੰਘ ਪੰਜ-ਇਸ਼ਨਾਨਾ ਕਰ ਕੇ ਹਜ਼ੂਰੀ ਵਿਚ ਬੈਠੇ। ਬਿਨਾਂ ਪੈਰ ਧੋਤਿਆਂ ਜਾਂ ਜਰਾਬਾਂ ਪਾ ਕੇ ਬੈਠਣਾ ਅਯੋਗ ਹੈ।

੯. ਦੀਵਾਨ ਵਿਚ ਕੀਰਤਨ ਸਮੇਂ ਪੋਥੀਆਂ ਨੂੰ ਸੰਗਤ ਵਿਚ ਇਕ ਦੂਜੇ ਦੇ ਪਿਛੇ ਲੈ ਕੇ ਬਹਿਣਾ, ਗੁਰਬਾਣੀ ਦਾ ਅਪਮਾਨ ਹੈ, ਨਿਰਾਦਰ ਹੈ। ਆਸਾ ਦੀ ਵਾਰ ਛਕਿਆਂ ਸਮੇਤ ਹਰੇਕ ਨੂੰ ਸੁਧ ਕੰਠ ਹੋਣੀ ਲਾਜ਼ਮੀ ਹੈ। ਪੋਥੀਆਂ ਇਸ ਵਾਸਤੇ ਹੁੰਦੀਆਂ ਹਨ ਕਿ ਇਨ੍ਹਾਂ ਦੀ ਸਹਾਇਤਾ ਨਾਲ ਅਸੀਂ ਸ਼ਬਦ ਕੰਠ ਕਰੀਏ। ਪੋਥੀਆਂ ਵਾਜੇ ਉਪਰ ਰਖ ਕੇ ਕੀਰਤਨ ਨਹੀਂ ਕਰਨਾ ਚਾਹੀਦਾ।

੧੦. ਗੁਰਬਾਣੀ ਦੇ ਸਤਿਕਾਰ ਲਈ ਪੋਥੀਆਂ ਤੇ ਗੁਟਕਿਆਂ ਨੂੰ ਰੁਮਾਲਿਆਂ ਵਿਚ ਵਲ੍ਹੇਟ ਕੇ ਰਖਣਾ ਚਾਹੀਦਾ ਹੈ ਅਤੇ ਜਲ ਛਕ ਕੇ ਜਾਂ ਦੇਗ ਛਕ ਕੇ, ਹਥ ਧੋ ਕੇ ਪੋਥੀਆਂ ਗੁਟਕਿਆਂ ਨੂੰ ਲਾਉਣੇ ਜ਼ਰੂਰੀ ਹਨ।

੧੧. ਕੜਾਹ ਪ੍ਰਸ਼ਾਦ ਦੀ ਦੇਗ ਸਰਬ ਲੋਹ ਦੇ ਬਰਤਨਾਂ ਵਿਚ ਹੀ ਤਿਆਰ ਹੋਣੀ ਚਾਹੀਦੀ ਹੈ ਅਤੇ ਸਰਬ ਲੋਹ ਦੇ ਬਰਤਨਾਂ ਵਿਚ ਹੀ ਵਰਤਾਈ ਜਾਣੀ ਚਾਹੀਦੀ ਹੈ।

੧੨. ਗੁਰੂ ਕੇ ਕੀਰਤਨੀਏ, ਰਾਗੀ ਢਾਡੀ, ਗ੍ਰੰਥੀ, ਪਰਚਾਰਕ, ਕਥਾ-ਵਾਚਕ ਅਤੇ ਗੁਰੂ ਕੀ ਤਾਬਿਆ ਵਿਚ ਸਜਣ ਵਾਲੇ ਸਿੰਘਾਂ ਦੇ ਗੁਰਮੁਖੀ ਦਾੜ੍ਹੇ ਪ੍ਰਕਾਸ਼ ਹੋਣੇ ਚਾਹੀਦੇ ਹਨ। ਦਾੜ੍ਹੇ ਨੂੜ ਕੇ ਤਾਬਿਆ ਬੈਠਣਾ ਜਾਂ ਕਥਾ ਕੀਰਤਨ ਪਰਚਾਰ ਕਰਨਾ ਗੁਰਮਤਿ ਤੋਂ ਉਲਟ ਹੈ। ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਗੁਰੂ ਕੇ ਕੀਰਤਨੀਏ, ਗ੍ਰੰਥੀ ਸਾਹਿਬਾਨ, ਅਰਦਾਸੀਏ ਸਿੰਘ, ਸਭ ਦੇ ਸਭ ਖੁਲ੍ਹੇ ਦਾੜ੍ਹੇ ਨਾਲ ਹੀ ਅੰਦਰ ਨਾਮ-ਬਾਣੀ ਦੀ ਸੇਵਾ ਕਰ ਸਕਦੇ ਹਨ। ਇਥੋਂ ਤਕ ਕਿ ਜਿਹੜੇ ਪ੍ਰੇਮੀ ਸਜਣ ਅੰਮ੍ਰਿਤ ਵੇਲੇ ਗੁਰੂ ਮਹਾਰਾਜ ਦੇ ਪ੍ਰਕਾਸ਼ ਸਮੇਂ ਹਜ਼ੂਰ ਵਿਚ ਖਲੋ ਕੇ ਸਵਈਏ ਪੜ੍ਹਦੇ ਹਨ ਉਨ੍ਹਾਂ ਲਈ ਵੀ ਦਾੜ੍ਹੇ ਖੁਲ੍ਹੇ ਰਖਣ ਦੀ ਪਾਬੰਦੀ ਜ਼ਰੂਰੀ ਹੈ।

੧੩. ਸਤਿਗੁਰੂ ਦੇ ਦੀਵਾਨ ਵਿਚ ਹਾਜ਼ਰ ਹੋਣ ਵਾਲੇ ਵੀਰਾਂ ਭੈਣਾਂ ਨੂੰ ਸਾਦੇ ਲਿਬਾਸ ਵਿਚ ਆਉਣਾ ਚਾਹੀਦਾ ਹੈ, ਭੜਕੀਲੇ ਬਸਤਰ ਪਹਿਰ ਕੇ ਆਉਣ ਤੋਂ ਪੂਰਾ ਸੰਕੋਚ ਹੋਣਾ ਚਾਹੀਦਾ ਹੈ।

੧੪. ਸਤਿਗੁਰੂ ਦੇ ਦਰਬਾਰ ਵਿਚ ਗੱਲਾਂ ਬਾਤਾਂ ਕਰਨੀਆਂ ਜਾਂ ਰੌਲਾ ਪਾਉਣਾ ਘਾਟੇਵੰਦਾ ਹੈ। ਗੁਰੂ ਕੀਆਂ ਖ਼ੁਸ਼ੀਆਂ ਲੈਣ ਲਈ ਗੁਰੂ ਕੀ ਹਜ਼ੂਰੀ ਵਿਚ ਟਿਕ ਕੇ ਬੈਠਣਾ ਹੈ।

੧੫. ਸਜੇ ਦੀਵਾਨ ਵਿਚ ਸਤਿਗੁਰਾਂ ਦੇ ਪ੍ਰਕਾਸ਼ ਸਮੇਂ ਕੜਾਹ ਪ੍ਰਸ਼ਾਦ ਦੀ ਦੇਗ ਤੋਂ ਬਿਨਾਂ ਹੋਰ ਕੁਝ ਵੀ ਨਹੀਂ ਵਰਤਾਉਣਾ ਚਾਹੀਦਾ।

੧੬. ਅਰਦਾਸ ਬਾਅਦ ਦੀਵਾਨ ਦੀ ਸਮਾਪਤੀ ਤੇ ਸਤਿਗੁਰੂ ਸਚੇ ਪਾਤਸ਼ਾਹ ਦੇ ਸੁਖਾਸਨ ਹੋ ਕੇ, ਉਨ੍ਹਾਂ ਨੂੰ ਆਪਣੇ ਨਿਜ-ਅਸਥਾਨ ਤੇ ਪਹੁੰਚਾ ਕੇ ਫਿਰ ਆਪੋ ਆਪਣੇ ਟਿਕਾਣੇ ਜਾਂ ਕਾਰ-ਵਿਹਾਰ ਤੇ ਜਾਣਾ ਚਾਹੀਦਾ ਹੈ।


www.AKJ.Org

# ਰੈਣ ਸਬਾਈ ਕੀਰਤਨ ਖੰਡਨ ਕਿ ਮੰਡਨ ?

]ਵਲੋਂ—ਹਕੀਮ ਖ਼ਜ਼ਾਨ ਸਿੰਘ ਜੀ, ਚੋਲਟਾ ਕਲਾਂ (ਰੋਪੜ) ]

'ਬਲਿਓ ਚਰਾਗ' ਮਈ ੧੯੭੬ ਮੈਗਜ਼ੀਨ ਵਿਚ ਗਿਆਨੀ ਹਰਬੰਸ ਸਿੰਘ ਜੀ ਚੰਡੀਗੜ੍ਹ ਦੀ ਕਲਮ ਤੋਂ "ਰੈਣ ਸਬਾਈ ਕੀਰਤਨ" ਦੇ ਸਿਰਲੇਖ ਵਿਚ ਕੁਝ ਕੁ ਵਿਚਾਰਾਂ ਗਿਆਨੀ ਜੀ ਵਲੋਂ ਪੇਸ਼ ਕੀਤੀਆਂ ਗਈਆਂ ਹਨ। ਦਾਸ ਕੋਈ ਗਿਆਨੀ ਨਹੀਂ, ਤੇ ਨਾ ਹੀ ਕੋਈ ਟੀਕਾ ਟਿਪਣੀ ਕਰਨੀ ਜਾਣਦਾ ਹੈ, ਪਰੰਤੂ ਗਿਆਨੀ ਜੀ ਨੇ ਰੈਣ ਸਬਾਈ ਕੀਰਤਨ ਨੂੰ 'ਜਗਰਾਤਾ' ਅਤੇ 'ਹੱਠ ਧਰਮੀ' 'ਗੁਰਮਤਿ ਪ੍ਰਤਿਕੂਲ' ਜ਼ਾਹਿਰ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਤੇ ਕਿਸੇ ਹੋਰ ਮੇਰੇ ਜਿਹੇ ਮੂਰਖ ਅਨਪੜ੍ਹ ਨੂੰ ਜਵਾਬ ਦੇਣ ਦਾ ਅਧਿਕਾਰ ਵੀ ਹੈ।

ਪਹਿਲੀ ਗੱਲ ਤਾਂ ਇਹ ਹੈ ਕਿ ਗਿਆਨੀ ਜੀ ਨੇ ਸੱਚਖੰਡਵਾਸੀ ਭਾਈ ਸਾਹਿਬ ਜੀ ਦੇ ਸਮੇਂ ਵਾਲੀ ਰੈਣ ਸਬਾਈ ਨੂੰ ਸਵੀਕਾਰ ਕਰਦੇ ਹੋਏ ਉਸ ਦੀ ਸ਼ਲਾਘਾ ਵੀ ਕੀਤੀ ਹੈ, ਤੇ ਫਿਰ ਹੁਣ ਵਾਲੀਆਂ ਹੋ ਰਹੀਆਂ ਰੈਣਸਬਾਈਆਂ ਦੀ ਵਿਰੋਧਤਾ ਕੀਤੀ ਹੈ ਤੇ ਕਈ ਪਰਮਾਣ ਜੈਸੇ, "ਰੈਣਿ ਸਬਾਈ ਜਲਿ ਮੁਈ ਕੰਤ ਨ ਲਾਇਓ ਭਾਉ" ਆਦਿ ਮਹਾਂਵਾਕਾਂ ਨੂੰ ਲਿਖ ਕੇ ਰੈਣਸਬਾਈ ਕੀਰਤਨ ਨੂੰ ਖੰਡਨ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਪਰੰਤੂ ਗਿਆਨੀ ਜੀ ਨੂੰ ਪਤਾ ਹੋਣਾ ਚਾਹੀਦਾ ਹੈ ਕਿ 'ਸਿੱਖੀ' ਸੁਖ ਰਹਿਣੇ ਅਮੀਰੜੇ ਸੜੇ ਸਰਦਾਰਾਂ ਤੇ ਆਰਾਮ-ਪ੍ਰਸਤਾਂ ਦੀ ਨਹੀਂ ਹੈ। ਇਹ ਵਿਖਮ ਤੇ ਕਠਨ ਮਾਰਗ ਹੈ, ਅਤੇ ਗੁਰੂ ਪਾਤਸ਼ਾਹ ਨੇ ਸੀਸ ਵੱਟੇ ਗੁਰਸਿੱਖੀ ਦਿੱਤੀ ਹੈ। ਸਿਖ ਜਗਿਆਸੂ (ਇਸਤ੍ਰੀ) ਦੀ ਵਿਛੋੜੇ ਕਾਰਨ ਸਾਰੀ ਰਾਤ ਆਤਮਾ ਤੜਫਦੀ ਰਹੀ, ਉਸ ਦੀ ਰੈਣਸਬਾਈ ਤਾਂ ਆਪੇ ਹੀ ਹੋ ਗਈ। "ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨ॥" "ਕਬੀਰ ਸੂਤਾ ਕਿਆ ਕਰਹਿ ਬੈਠਾ ਰਹੁ ਅਰੁ ਜਾਗੁ। ਜਾ ਕੇ ਸੰਗ ਤੇ ਬੀਛੁਰਾ ਤਾਹੀ ਕੇ ਸੰਗ ਲਾਗੁ" "ਇਕ ਦੇਵਹੁ ਰਾਤਿ ਮੁਰਾਰੀ" ਇਤ ਆਦਿਕ ਹੋਰ ਅਨੇਕਾਂ ਮਹਾਂਵਾਕ ਗੁਰਸਾਗਰ ਰਤਨੀ ਭਰਪੂਰੇ ਵਿਚ ਅੰਕਿਤ ਹਨ। ਗਿਆਨੀ ਜੀ ਅਨੁਸਾਰ ਜੇਕਰ ਰੈਣਸਬਾਈ ਇਕ ਹੱਠ ਹੈ ਤਾਂ ਪੋਹ ਮਾਘ ਦੀਆਂ ਠੱਕੇ ਵਗਦੀਆਂ ਰਾਤਾਂ ਵਿਚ ਠੰਢੇ ਪਾਣੀ ਨਾਲ ਇਸ਼ਨਾਨ ਕਰਨਾ ਵੀ ਹੱਠ ਬਣ ਜਾਏਗਾ ਤੇ ਹੋਰ ਰਹਿਤ ਬਹਿਤ ਵੀ ਕਰੜੀ ਧਾਰਨਾ ਹੈ, ਉਹ ਵੀ ਹੱਠ ਬਣ ਜਾਏਗਾ।

ਪਰੰਤੂ ਗਿਆਨੀ ਜੀ! ਇਹ ਹੱਠ ਤਾਂ ਸ਼ੁਭ ਹੱਠ ਹਨ, ਕੋਈ ਜਲਧਾਰਾ ਜਾਂ ਜੋਗ ਸਿੱਧ ਆਸਣ ਚਉਰਾਸੀ ਤਾਂ ਨਹੀਂ ਹੈ। ਗੁਰੂ ਪਾਤਸ਼ਾਹ ਨੂੰ ਸੀਸ ਭੇਟ ਕਰਨੇ ਵੀ ਸ਼ੁਭ ਹੱਠ ਹੈ ਨਾਕਿ ਹੱਠ ਧਰਮੀ। ਫਿਰ ਆਪ ਜੀ ਨੇ ਲਿਖ ਮਾਰਿਆ ਹੈ ਕਿ ਬਾਰ੍ਹਾਂ ਵਜੇ ਤੋਂ ਪਿਛੋਂ ਥੋੜੀ ਸੰਗਤ ਰਹਿ ਜਾਂਦੀ ਹੈ, 'ਇਕ ਸਿੱਖ ਦੁਇ ਸਾਧ ਸੰਗ ਪੰਜੀਂ ਪਰਮੇਸ਼ਰ' ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਭਾਵੇਂ ਇਕ ਸਿਖ ਰਹਿ ਜਾਵੇ ਤਾਂ ਵੀ ਕੋਈ ਵਿਘਨ ਨਹੀਂ ਪੈਂਦਾ। ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਦੇ ਨਾਲ ਕੇਵਲ ਮਰਦਾਨਾ ਹੀ ਸੀ, ਸਿਖ ਸੰਗਤਾਂ ਤੇ ਗਿਆਨੀਆਂ ਧਿਆਨੀਆਂ, ਪਰਚਾਰਕਾਂ ਦੀਆਂ ਲਾਰਾਂ, ਟੋਲੀਆਂ ਤਾਂ ਨਹੀਂ ਫਿਰਦੀਆਂ ਸਨ। ਅਜ ਉਹੀ ਸਰੂਪ ਸਹਿ ਕਾਇਆਂ ਫੇਰ ਪਲਟ ਹੋ ਕੇ ਸਾਹਿਬ ਗੁਰੂ ਗ੍ਰੰਥ ਸਾਹਿਬ ਜੀ ਸੰਸਾਰੀ ਕਲਿਆਣ ਲਈ ਸੁਭਾਏਮਾਨ, ਚੰਵਰ ਤਖਤ ਦੇ ਮਾਲਕ ਦਰਸ਼ਨ ਦੇ ਰਹੇ ਹਨ।

ਫਿਰ ਆਪ ਨੇ ਮੇਰੇ ਜਿਹੇ ਸਿੱਧੜ ਸਿਖਾਂ ਨੂੰ ਸਰੀਰਕ ਨੁਕਸਾਨ ਪੁੱਜਣ ਦਾ ਭੈ ਵੀ ਦਿੱਤਾ ਹੈ। ਗਿਆਨੀ ਜੀ! ਸਰੀਰ ਤਾਂ ਪੀ.ਜੀ.ਆਈ. ਸੈਕਟਰ ੧੨ ਚੰਡੀਗੜ੍ਹ ਵਿਚ ਵੀ ਫੁੱਟ ਜਾਣਾ ਹੈ। ਜੇ ਕਿਸੇ ਦਾ ਸਰੀਰ ਸਾਧ-ਸੰਗਤ ਵਿਚ ਸ਼ੁਭ ਕਰਮ ਕਰਦੇ ਹੋਏ ਛੁਟ ਗਿਆ ਤਾਂ ਵਡਭਾਗੀ ਗਿਣਿਆ ਜਾਵੇਗਾ।

ਹਾਂ ਗਿਆਨੀ ਜੀ, ਜੇਕਰ ਆਪ ਰੈਣਸਬਾਈ ਕੀਰਤਨ ਤੇ ਇਸ ਕਿਸਮ ਦੀ ਵਿਚਾਰ ਕਰਦੇ ਕਿ ਰੈਣਸਬਾਈ ਪਰੋਗਰਾਮ ਹਫਤੇ ਦੋ ਹਫਤੇ ਮਗਰੋਂ ਰਖਣ ਦੀ ਥਾਂ ਮਹੀਨੇ ਦੋ ਮਹੀਨੇ ਮਗਰੋਂ ਹੀ ਪੂਰੇ ਉਤਸ਼ਾਹ ਤੇ ਚੜ੍ਹਦੀਆਂ ਕਲਾਂ ਤੇ ਸਹਿਜ ਵਿਚ ਹੋਣਾ ਚਾਹੀਦਾ



www.AKJ.Org

ਹੈ, ਕਿਉਂ ਜੁ ਹਫ਼ਤੇ ਦੇ ਹਫ਼ਤੇ ਰੈਣਸਬਾਈ ਕਰਨ ਨਾਲ ਮਨ ਵਿਚ ਪੂਰਾ ਉਤਸ਼ਾਹ ਤੇ ਵਲਵਲਾ ਨਹੀਂ ਰਹਿੰਦਾ, ਤਾਂ ਅਜਿਹੀ ਵਿਚਾਰ ਗਿਆਨੀ ਜੀ ਦੀ ਸ਼ਲਾਘਾਯੋਗ ਕਹੀ ਜਾ ਸਕਦੀ ਸੀ। ਪਰ ਉਨ੍ਹਾਂ ਦਾ ਏਸ ਪਰੋਗਰਾਮ ਦੀ ਕਰੜਾਈ ਤੋਂ ਭੈ-ਭੀਤ ਹੋ ਕੇ ਇਸ ਅਲੌਕਿਕ ਪਰੋਗਰਾਮ ਨੂੰ ਖੰਡਨ ਕਰਨਾ ਤੇ ਇਸ ਨੂੰ ਜਗਰਾਤਿਆਂ ਨਾਲ ਤੁਲਨਾ ਦੇਣੀ ਰੈਣਸਬਾਈ ਕੀਰਤਨ ਦਾ ਅਪਮਾਨ ਕਰਨਾ ਹੈ। ਆਪ ਦਾ ਅਜਿਹਾ ਜਤਨ ਰੈਣ ਸਬਾਈ ਕੀਰਤਨਾਂ ਦੀ ਮੂਲੋਂ ਹੀ ਪਟੀ ਮੇਸਣਾ ਹੈ।

ਆਪ ਬੇਸ਼ਕ ਸਾਰੀ ਰਾਤ ਆਪਣਾ ਪੂਰਾ ਪੂਰਾ ਆਰਾਮ ਕਰੋ ਜੀ, 'ਤੁਧੁ ਬਿਨੁ ਰੋਗ ਰਜਾਈਆਂ ਦਾ ਓਢਣ' ਨੂੰ ਵਿਸਾਰ ਕੇ ਬੈਡ-ਟੀ (Bed Tea) ਵੀ ਹੱਥ ਪੈਰ ਧੋਏ ਬਿਨਾਂ ਹੀ ਛੱਕ ਕੇ ਫਿਰ ਸੌਂ ਜਾਵੇ ਜੀ, ਪਰੰਤੂ ਰੈਣਸਬਾਈ ਕੀਰਤਨ ਨੂੰ ਖੰਡਨ ਕਰਨ ਦੀ ਕੋਸ਼ਸ਼ ਨਾ ਕਰੋ ਜੀ। ਇਹ ਬੀਜ ਹੁਣ ਪਰਫੁਲਤ ਹੋ ਕੇ ਫੁਲਵਾੜੀ ਬਣ ਗਈ ਹੈ ਤੇ ਇਸ ਦੀਆਂ ਘਨਘੋਰਾਂ ਤੇ ਗੂੰਜਾਂ ਕਿਸੇ ਇਕ ਵਿਅਕਤੀ ਗਿਆਨੀ ਧਿਆਨੀ ਦੇ ਰੋਕਣ ਤੋਂ ਨਹੀਂ ਰੁਕਣਗੀਆਂ, ਨਾਮ ਜਪਣਾ ਤੇ ਬਾਣੀ ਪੜ੍ਹਨਾ ਮੂਰਖਾਂਦੀ ਕਾਰਹੈ ਤੇਮੂਰਖ ਕਰਦੇ ਹੀ ਰਹਿਣਗੇ।

## ਜੋਪਾਣੀ 'ਗੁਰ' ਅੰਮ੍ਰਿਤ ਚਾ ਬਣਾਂਵਦੇ

[ਵਲੋਂ:–ਸ: ਦੇਵਾ ਸਿੰਘ ਜੀ ਕਿਰਤੀ, ਅੰਮ੍ਰਿਤਸਰ]

ਪਾਣੀ ਸਾਫ਼ ਸਫ਼ੈਦ ਅਰਸ਼ੋਂ ਆਂਵਦਾ।
ਤਿਉਂ ਪ੍ਰਾਣੀ ਨਿਰਵੈਰ ਨਿਰਛਲ ਆਂਵਦਾ।੧।
ਜਿਉਂ ਪਾਣੀ ਨੂੰ ਬਾਣ ਨੀਵੇਂ ਧਾਵਣਾ।
ਤਿਉਂ ਪ੍ਰਾਣੀ ਨੂੰ ਬਾਣੀ ਨੀਵੇਂ ਜਾਵਣਾ।੨।
ਜਿਉਂ ਪਾਣੀ ਹੈ ਛੇਤੀ ਰੰਗ ਵਟਾਂਵਦਾ।
ਤਿਉਂ ਪ੍ਰਾਣੀ ਵੀ ਸੰਗਤ ਸਿਉਂ ਰਲ ਜਾਂਵਦਾ।੩।
ਜਿਉਂ ਪਾਣੀ ਹੈ ਮੁਸ਼ਕਲ ਉਤਾਂਹ ਲੈ ਜਾਵਣਾ।
ਤਿਉਂ ਪ੍ਰਾਣੀ ਸਤਿਸੰਗਤ ਕਠਨ ਲੈ ਆਵਣਾ।੪।
ਜਿਉਂ ਪਾਣੀ ਬੂਦਾਰ ਹੋ ਸੜ ਜਾਂਵਦਾ।
ਤਿਉਂ ਪ੍ਰਾਣੀ ਕੁਸੰਗਤ ਦੁਸ਼ਟ ਹੋ ਜਾਂਵਦਾ।੫।
ਜੋ ਪਾਣੀ 'ਗੁਰ' ਅੰਮ੍ਰਿਤ ਚਾ ਬਣਾਂਵਦੇ।
ਉਹ ਪ੍ਰਾਣੀ ਪੀ ਲੈਣ, ਸੰਤ ਹੋ ਜਾਂਵਦੇ।੬।
ਉਹ ਸੰਤ ਗੁਰਬਾਣੀ ਹਰਿ-ਜਸ ਗਾਂਵਦੇ।
'ਕਿਰਤੀ' ਮੂੜ੍ਹ ਗਵਾਰ ਵੀ ਤਰ ਜਾਂਵਦੇ।੭।

## ਵੇਰਵੇ ਸਹਿਤ ਪ੍ਰੋਗਰਾਮ ਫਿਰ ਵੇਖੋ

੧੩ ਤੋਂ ੧੫ ਅਗਸਤ ਤਕ ਅਖੰਡ ਕੀਰਤਨੀ ਜੱਥਿਆਂ ਵਲੋਂ ਅੰਬਾਲਾ ਛਾਉਣੀ ਵਿਖੇ
੨੯ ਤੋਂ ੩੧ ਅਗਸਤ ਤਕ ਅਖੰਡ ਕੀਰਤਨੀ ਜੱਥਿਆਂ ਵਲੋਂ ਬਟਾਲਾ (ਗੁਰਦਾਸਪੁਰ) ਵਿਖੇ
੧੦ ਤੋਂ ੧੨ ਸਤੰਬਰ ਤਕ ਅਖੰਡ ਕੀਰਤਨੀ ਜੱਥਿਆਂ ਵਲੋਂ ਮੁਕਤਸਰ ਵਿਖੇ
ਜਤਨ ਕੀਤਾ ਜਾਏ ਕਿ ਇਨ੍ਹਾਂ ਤਰੀਕਾਂ ਵਿਚ ਹੋਰ ਪ੍ਰੋਗਰਾਮ ਨਾ ਰਖੇ ਜਾਣ।

## ਅੰਮ੍ਰਿਤਸਰ ਅਖੰਡ ਕੀਰਤਨੀ ਜੱਥੇ ਵਲੋਂ ਐਤਵਾਰ ਦੇ ਕੀਰਤਨ-ਪ੍ਰੋਗਰਾਮ

੪ ਜੁਲਾਈ ਸ਼ਾਮ ੬ ਤੋਂ ੯ ਅਖੰਡ ਕੀਰਤਨ ਗੁਰਦੁਆਰਾ ਪਿਪਲੀ ਸਾਹਿਬ, ਪੁਤਲੀਘਰ
੧੧ ਜੁਲਾਈ ਸਵੇਰੇ ੯–੩੦ ਤਕ ਭੋਗ ਸ੍ਰੀ ਅਖੰਡਪਾਠ ਤੇ ਕੀਰਤਨ, ਸ: ਜਸਪਾਲ ਸਿੰਘ ਸਪੁਤਰ ਸ: ਚਤਰ ਸਿੰਘ ਜੀ, ਗਲੀ ਮੰਗਲ ਸਿੰਘ, ਨੇੜੇ ਸੀਤਾ ਨਿਵਾਸ ਗੁਰੂ ਕੀ ਸਰਾਂ
ਸ਼ਾਮ ੬ ਤੋਂ ੭॥ ਸੋਦਰ ਦੀ ਚੌਕੀ ਸ੍ਰੀ ਹਰਿਮੰਦਰ ਸਾਹਿਬ ਵਿਖੇ
੧੮ ਜੁਲਾਈ ਸਵੇਰੇ ੬ ਤੋਂ ੯ ਅਖੰਡ ਕੀਰਤਨ ਗੁਰਦੁਆਰਾ ਸਾਹਿਬ ਰਣਜੀਤਪੁਰਾ, ਪੁਤਲੀਘਰ
ਸ਼ਾਮ ੫॥ ਤੋਂ ੮ ਕੀਰਤਨ,ਸ: ਹਰਬੰਸਜੀਤ ਸਿੰਘ,ਹੈਡ ਕਲਰਕ, ੧੫-ਡੀ. ਬਲਾਕ ਏ, ਰੇਲਵੇ ਐਸਟੇਟ
੨੫ ਜੁਲਾਈ ਸਵੇਰੇ ੪ ਤੋਂ ੬॥ ਨਿਤਨੇਮ ਤੇ ਆਸਾ ਦੀ ਵਾਰ, ਡਾ: ਹਰਬੰਸ ਸਿੰਘ ਜੀ, ੮੬ ਅਜੀਤ ਨਗਰ
ਸ਼ਾਮ ੫॥ ਤੋਂ ੮ ਅਖੰਡ ਕੀਰਤਨ ਗੁਰਦੁਆਰਾ ਗੁਰੂ ਕੇ ਮਹਿਲ
੧ ਅਗਸਤ ਸਵੇਰੇ ੪ ਤੋਂ ੬॥ ਨਿਤਨੇਮ ਤੇ ਆਸਾ ਦੀ ਵਾਰ, ਭਾਈ ਕੰਵਰ ਸਿੰਘ ਜੀ, ੫੪੧, ਰਣਜੀਤ ਐਵੀਨੀਊ, ਨੇੜੇ ਅਜੀਤ ਨਗਰ

www.AKJ.org

# ਸਿਖ ਧਰਮ ਤੇ ਫ਼ਿਲਮਾਂ

[ਵਲੋਂ—ਭਾਈ ਗੁਰਬਖਸ਼ ਸਿੰਘ ਜੀ, ਖ਼ਿਜ਼ਰਾਬਾਦ (ਰੋਪੜ)]

ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਇਸ ਜਗਤ ਵਿਚ ਅਵਤਾਰ ਧਾਰੇ ਨੂੰ ੫੦੦ ਸਾਲ ਤੋਂ ਉਤੇ ਹੋ ਚੁਕੇ ਹਨ। ਉਨ੍ਹਾਂ ਨੇ ਆ ਕੇ ਸਿਖ ਧਰਮ ਦੀ ਨੀਂਹ ਰੱਖੀ, ਬੁਤ ਪ੍ਰਸਤੀ, ਝੂਠੇ ਭਰਮਾਂ ਤੇ ਪਾਖੰਡਾਂ ਦਾ ਖੰਡਨ ਕੀਤਾ। ਪਿਤਰਾਂ ਨੂੰ ਪਾਣੀ ਦੇਣਾ, ਪੱਥਰਾਂ ਤਸਵੀਰਾਂ ਨੂੰ ਪੂਜਣਾ ਸਭ ਨੂੰ ਨਿਸਫਲ ਦਸਿਆ। ਪਰ ਅੱਜ ਫਿਰ ਸਿਖ ਕੌਮ, ਜਿਨ੍ਹਾਂ ਪਾਖੰਡਾਂ ਚੋਂ ਸਾਨੂੰ ਗੁਰੂ ਜੀ ਨੇ ਕਢਿਆ ਸੀ, ਉਨ੍ਹਾਂ ਵਿਚ ਫਸਦੀ ਜਾ ਰਹੀ ਹੈ।

ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਕਿਸੇ ਵਿਅਕਤੀ ਨੂੰ ਹਿੰਮਤ ਨਹੀਂ ਹੋਈ ਕਿ ਹਿੰਦੂ ਕੌਮ ਦੀਆਂ ਰਾਸਾਂ ਵਾਂਗ, ਗੁਰੂ ਸਾਹਿਬਾਨ ਜਾਂ ਸਿਖ ਸਰਦਾਰਾਂ ਦੀਆਂ ਰਾਸਾਂ ਜਾਂ ਲੀਲ੍ਹਾਂ ਰਚਾ ਸਕੇ। ਸਗੋਂ ਇਹ ਪ੍ਰਭਾਵ ਆਮ ਸੀ ਕਿ ਜੇ ਕਿਸੇ ਨੇ ਫ਼ਿਲਮਾਂ ਜਾਂ ਡਰਾਮੇ ਬਣਾਉਣ ਦੀ ਦਲੇਰੀ ਕੀਤੀ ਤਾਂ ਸਿੰਘ ਉਸ ਨੂੰ ਖ਼ਤਮ ਕਰ ਦੇਣਗੇ।

ਪਿਛਲੇ ਦਸ ਸਾਲਾਂ ਵਿਚ ਜਦ ਸਿਖ ਕੌਮ ਦੇ ਲੀਡਰ ਤੇ ਕਰਮਚਾਰੀ, ਫ਼ਿਲਮਾਂ ਵਾਲਿਆਂ ਨੇ ਲੱਖਾਂ ਰੁਪਏ ਦੇ ਕੇ ਖ਼ਰੀਦ ਲਏ ਤਾਂ ਸ਼੍ਰੋਮਣੀ ਕਮੇਟੀ ਨੇ ਫ਼ਿਲਮਾਂ ਬਣਾਉਣ ਦੀ ਆਗਿਆ ਦੇ ਦਿਤੀ। ਹੁਣ ਤਾਂ ਸਿਖਾਂ ਨੂੰ ਢਾਹ ਢੇਰੀ ਕਰਨ ਤੇ ਸ਼੍ਰੋਮਣੀ ਕਮੇਟੀ ਆਪ ਹੀ ਤੁਲੀ ਹੋਈ ਹੈ। ਨਕਲੀ ਦਾੜ੍ਹੀ ਮੁੱਛਾਂ ਲਾ ਫਿਲਮਾਂ ਬਣਾਉਣ ਲਈ ਬਨਾਉਟੀ ਸਿਖ ਬਣਨਾ ਤੇ ਨਵੇਂ ਸਿਖ ਨੌਜਵਾਨਾਂ ਦਾ ਸਿਰ ਮੂੰਹ ਮੁਨਾ ਕੇ ਸਿਖ ਸਦਵਾਉਣ ਵਿਚ ਕੀ ਫ਼ਰਕ ਹੈ?

ਸ਼੍ਰੋਮਣੀ ਕਮੇਟੀ ਨੂੰ ਤਾਂ ਚਾਹੀਦਾ ਸੀ ਕਿ ਫ਼ਿਲਮਾਂ ਤੁਰਤ ਬੰਦ ਕਰਾ ਦਿੰਦੀ, ਪਰ ਇਸ ਦੇ ਕੰਨਾਂ ਤੇ ਜੂੰ ਨਹੀਂ ਸਰਕਦੀ ਅਤੇ ਫ਼ਿਲਮਾਂ ਦੇ ਖ਼ਿਲਾਫ ਉਠ ਰਹੇ ਵਾਵੇਲੇ ਦੀ ਕੋਈ ਪਰਵਾਹ ਨਹੀਂ ਕੀਤੀ ਜਾ ਰਹੀ। ਨਵੀਂ ਪਨੀਰੀ ਦੇ ਵਿਗਾੜ ਦੀ ਸਾਰੀ ਜ਼ਿਮੇਂਵਾਰੀ ਕਮੇਟੀ ਦੇ ਸਿਰ ਆਉਂਦੀ ਹੈ। ਇਹ ਕਿਉਂ ਸਿਖ ਰਵਾਇਤਾਂ ਦਾ ਖ਼ੂਨ ਕਰ ਰਹੀ ਹੈ? ਕੀ ਸਾਡੇ ਲੀਡਰ ਭੁਲ ਗਏ ਹਨ ਕਿ ਗੁਰੂ ਮਹਾਰਾਜ ਨੇ ਨਾਟਕਾਂ ਡਰਾਮਿਆਂ ਨੂੰ ਮਨਮੱਤ ਤੇ ਕੁਕਾਜ ਦਸਿਆ ਹੈ, ਜਿਵੇਂ—

ਨਾਟਕ ਚੇਟਕ ਕੀਏ ਕੁਕਾਜਾ॥
ਪ੍ਰਭ ਲੋਗਨ ਕਹਿ ਆਵਤ ਲਾਜਾ॥

ਰਸਾਲਾ 'ਮੇਲ ਮਿਲਾਪ' ਦੇ ਸਫ਼ਾ ੧੫ ਵਿਚ ਸ: ਮੋਹਣ ਸਿੰਘ ਤੁੜ ਦਾ ਬਿਆਨ ਛਪਿਆ ਕਿ ਪਤਿਤ, ਸ਼ਰਾਬੀ, ਸਿਗਰਟ-ਨੋਸ਼, ਕਲਾਕਾਰ (ਨਕਲੀਏ) ਸਤਿਗੁਰਾਂ ਸ਼ਹੀਦਾਂ ਅਤੇ ਸਿਖ ਸੂਰਬੀਰਾਂ ਦੀਆਂ ਨਕਲਾਂ ਉਤਾਰ ਕੇ ਮਨੋਰੰਜਨ ਦਾ ਸਾਧਨ ਨਾ ਬਣਾਉਣ। ਅਗੇ ਜਾ ਕੇ ਤੁੜ ਸਾਹਿਬ ਲਿਖਦੇ ਹਨ ਕਿ ਸਿਖ ਧਰਮ ਕਚਿਆਂ ਪਿਲਿਆਂ, ਬਨਾਉਟੀ ਤੇ ਨਕਲੀਆਂ ਦਾ ਧਰਮ ਨਹੀਂ। ਇਸ ਨੂੰ ਖੰਨਿਓ ਤਿਖੀ ਵਾਲੋਂ ਨਿਕੀ ਦਸਿਆ ਹੈ। ਅਤੇ ਇਸ ਤੇ ਚਲਣ ਵਾਲਿਆਂ ਨੇ ਖੰਡੇ ਦੀ ਧਾਰ ਤੇ ਸੀਸ ਭੇਟ ਕਰ ਕੇ ਸਿਖੀ ਪਰਾਪਤ ਕੀਤੀ ਹੈ। ਉਸ ਸਿਖੀ ਨੂੰ ਇਸ ਤਰ੍ਹਾਂ ਡਰਾਮਿਆਂ ਤੇ ਫਿਲਮਾਂ ਰਾਹੀਂ ਭੰਡੀ ਪ੍ਰਚਾਰ ਦਾ ਨਿਸ਼ਾਨਾ ਨਹੀਂ ਬਣਨ ਦਿਤਾ ਜਾਵੇਗਾ। ਤੁੜ ਸਾਹਿਬ ਨੇ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਇਹੋ ਜਹੇ ਡਰਾਮੇ-ਕਾਰਾਂ ਨੂੰ ਬੰਦ ਕਰਨ।

ਮੈਂ ਤੁੜ ਸਾਹਿਬ ਤੋਂ ਪੁਛਦਾ ਹਾਂ ਕਿ ਫਿਲਮਾਂ ਅਤੇ ਡਰਾਮੇ ਬਣਾਉਣ ਦੀ ਆਗਿਆ ਲੱਖਾਂ ਰੁਪਏ ਲੈ ਕੇ ਸ਼੍ਰੋਮਣੀ ਕਮੇਟੀ ਨੇ ਆਪ ਦਿਤੀ ਹੈ ਜਾਂ ਸਰਕਾਰ ਨੇ?

ਜਦੋਂ ਮੰਜੀ ਸਾਹਿਬ ਹਾਲ ਵਿਚ ਹੀ ਫ਼ਿਲਮਾਂ ਵਿਖਾਈਆਂ ਜਾਣ ਲਗ ਪਈਆਂ ਹਨ ਤਾਂ ਬਾਹਰ ਕਿਸ ਨੇ ਰੋਕਣੀਆਂ ਹਨ? ਮੈਂ ਸ਼੍ਰੋਮਣੀ ਕਮੇਟੀ ਨੂੰ ਬਿਨੈ ਕਰਦਾ ਹਾਂ ਕਿ ਮੰਜੀ ਸਾਹਿਬ ਹਾਲ ਵਿਚ ਫ਼ਿਲਮਾਂ ਵਿਖਾਉਣੀਆਂ, ਮੰਜੀ ਸਾਹਿਬ ਅਸਥਾਨ ਦੇ ਨਾਂ ਨੂੰ ਵੱਟਾ ਲਾਉਣਾ ਹੈ। ਅੰਤ ਵਿਚ ਮੈਂ ਸ਼੍ਰੋਮਣੀ ਕਮੇਟੀ ਨੂੰ ਫਿਰ ਅਪੀਲ ਕਰਦਾ ਹਾਂ ਕਿ ਸਿਖ ਧਰਮ ਨੂੰ ਹਾਸੋ ਹੀਣਾ ਨਾ ਬਣਾਉਣ ਅਤੇ ਇਨ੍ਹਾਂ ਫ਼ਿਲਮਾਂ ਡਰਾਮਿਆਂ ਨੂੰ ਬੰਦ ਕਰਨ। ਫ਼ਿਲਮਾਂ ਵਿਚ ਕਿਉਂ ਗੁਰ-ਗਦੀ ਦੇ ਮਾਲਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੜਦੇ ਤੇ ਨਚਾਇਆ ਜਾ ਰਿਹਾ ਹੈ? ਇਸ ਮਨਮੱਤ ਨੂੰ ਤੁਰੰਤ ਬੰਦ ਕਰੋ ਜੀ।

www.AKJ.Org

# ਸਮਾਜਵਾਦ ਦਾ ਮੋਢੀ

[ਵਲੋਂ–ਸ: ਤੇਜਿੰਦਰ ਸਿੰਘ ਜੀ ਧੀਰਜ, ਨਵੀਂ ਦਿਲੀ]

'ਮਾਰਕਸ' ਦੇ ਜੰਮਣ ਤੋਂ
ਸੈਂਕੜੇ ਸਾਲ ਪਹਿਲਾਂ,
ਭਾਰਤ ਦੀ ਧਰਤੀ ਤੇ
ਸਮਾਜਵਾਦ ਸੀ ਆਇਆ ।੧।

ਸੰਨ ਚੌਦਾਂ ਸੌ ਉੱਨ੍ਹਤਰ
ਰਾਇ ਭੋਇ ਦੀ ਤਲਵੰਡੀ,
ਮਹਿਤਾ ਕਾਲੂ ਦੇ ਘਰ ਵਿਚ
ਨਾਨਕ ਸੀ ਪੈਰ ਪਾਇਆ ।੨।

'ਸਭੇ ਸਾਝੀਵਾਲ ਸਦਾਇਨਿ
ਤੂੰ ਕਿਸੈ ਨ ਦਿਸਹਿ ਬਾਹਰਾ ਜੀਉ',
ਸਮਾਜਿਕ ਸਮਾਨਤਾ ਦਾ
ਡੰਕਾ ਉਸ ਵਜਾਇਆ ।੩।

'ਰਾਜੇ ਸੀਂਹ ਮੁਕਦਮ ਕੁਤੇ'
ਜ਼ਾਲਮ ਸੱਤਾ ਵਿਰੁੱਧ,
ਕ੍ਰਾਂਤੀ ਲਿਆਉਣ ਲਈ
ਜਨਤਾ ਨੂੰ ਉਕਸਾਇਆ ।੪।

'ਸੋ ਕਿਉ ਮੰਦਾ ਆਖੀਐ
ਜਿਤੁ ਜੰਮਹਿ ਰਾਜਾਨ',
ਅਧਿਕਾਰਾਂ ਦੀ ਸਮਾਨਤਾ
ਦਾ ਰਾਹ ਉਸ ਦਿਖਾਇਆ ।੫।

ਕਿਰਤ ਕਰੋ, ਵੰਡ ਛਕੋ
ਹੱਕ ਪਰਾਇਆ ਖਾਓ ਨਾ,
ਆਰਥਿਕ ਸਮਾਨਤਾ ਦਾ
ਨਾਹਰਾ ਉਸ ਲਾਇਆ ।੬।

ਲੰਗਰ ਅਤੇ ਪੰਗਤ
ਦੀ ਪ੍ਰਥਾ ਚਾਲੂ ਕਰ ਕੇ,
ਜ਼ਾਤ ਪਾਤ ਵਾਲਾ
ਉਸ ਝੰਜਟ ਮੁਕਾਇਆ ।੭।

ਉਸੇ ਦੀ ਗੱਦੀ ਉਤੇ
ਬੈਠ ਗੁਰੂ ਅਰਜਨ,
ਸਰਬ ਸਾਂਝਾ ਸਥਾਨ
ਸ੍ਰੀ ਅੰਮ੍ਰਿਤਸਰ ਬਣਾਇਆ ।੮।

'ਭੈ ਕਾਹੂ ਕਉ ਦੇਤ ਨਹਿ
ਨਹਿ ਭੈ ਮਾਨਤ ਆਨ',
ਨੌਵੇਂ ਸਤਿਗੁਰਾਂ ਰਾਹੀਂ
ਉਸ ਸਾਨੂੰ ਸਮਝਾਇਆ ।੯।

ਸਮਾਜਵਾਦ ਤੇ ਚੱਲ ਕੇ
ਦਸਮੇਸ਼ ਪਿਤਾ ਨੇ,
ਇਕੋ ਬਾਟੇ ਵਿਚੋਂ
ਸਭ ਨੂੰ ਅੰਮ੍ਰਿਤ ਛਕਾਇਆ ।੧੦।

ਸਮਾਜਵਾਦ ਦਾ ਮੋਢੀ
ਮੈਂ 'ਮਾਰਕਸ' ਨਹੀਂ ਮੰਨਦਾ,
ਇਸ ਨੂੰ ਸਭ ਤੋਂ ਪਹਿਲਾਂ
ਸੀ ਨਾਨਕ ਲਿਆਇਆ ।੧੧।

ਗੋਬਿੰਦ ਦੇ ਰੂਪ ਵਿਚ
ਤਲਵਾਰ ਹੱਥ ਫੜ ਕੇ,
'ਧੀਰਜ' ਖੂਨੀ ਕ੍ਰਾਂਤੀ ਦਾ
ਬਿਗਲ ਉਸ ਵਜਾਇਆ ।੧੨।

---

# ਤਲਵੰਡੀ ਭਾਈ (ਫਿਰੋਜ਼ਪੁਰ) ਵਿਖੇ ਰੈਣ ਸਬਾਈ ਕੀਰਤਨ

ਗਿ: ਬਲਵੰਤ ਸਿੰਘ ਜੀ ਫ਼ਿਰੋਜ਼ਪੁਰ ਸ਼ਹਿਰ ਇਤਲਾਹ ਦਿੰਦੇ ਹਨ ਕਿ ੧੭-੭-੭੬ ਸ਼ਨੀਚਰਵਾਰ ਦੀ ਰਾਤ ਨੂੰ ਤਲਵੰਡੀ ਭਾਈ ਜ਼ਿਲਾ ਫ਼ਿਰੋਜਪੁਰ, ਜੋ ਫਿਰੋਜ਼ਪੁਰ–ਮੋਗਾ ਲਾਈਨ ਤੇ ਹੈ, ਗੁਰਦੁਆਰੇ ਕਲਗੀਧਰ ਸਾਹਿਬ ਵਿਖੇ ਰੈਣ ਸਬਾਈ ਕੀਰਤਨ ਹੋ ਰਹੇ ਹਨ । ਸਮੂਹ ਸੰਗਤਾਂ ਹਾਜ਼ਰੀਆਂ ਭਰ ਕੇ ਲਾਭ ਉਠਾਉਣ ਜੀ ।

ਤਲਵੰਡੀ ਰੇਲਵੇ ਸਟੇਸ਼ਨ ਫਿਰੋਜ਼ਪੁਰ–ਲੁਧਿਆਣਾ ਰੇਲਵੇ ਲਾਈਨ ਤੇ ਹੈ ।

www.AKJ.Org

# ਉਠੇ ਸਿੰਘ ਭੁਯੰਗੀਏ ਪੀ ਅੰਮ੍ਰਿਤ ਧਾਰਾ

[ਵਲੋਂ:—ਗਿ: ਗੁਰਬਚਨ ਸਿੰਘ ਸਾਬਕ ਮੈਨੇਜਰ ਪਟਨਾ ਸਾਹਿਬ]

ਪੰਜਾਬ ਭਾਰਤ ਦਾ ਦਿਲ ਹੈ। ਦਿਲ ਮਨੁੱਖੀ ਜ਼ਿੰਦਗੀ ਦਾ ਮਰਕਜ਼ ਹੈ। ਇਸ ਦੀ ਧੜਕਣ ਥਮ ਜਾਣ ਦਾ ਭਾਵ ਹੈ "ਮੌਤ"।

ਸਦੀਆਂ ਦੀ ਤਾਰੀਖ਼ ਗਵਾਹ ਹੈ ਕਿ ਬਰਫ਼ ਲਦੇ ਹਿਮਾਲਾ ਦੇ ਅੰਚਲ ਦੀ ਓਟ ਵਿਚ, ਘੂਕ ਸੁੱਤਾ ਪਿਆ ਹਿੰਦੁਸਤਾਨ ਆਏ ਵਰ੍ਹੇ ਬਦੇਸ਼ੀ ਜਰਵਾਣਿਆਂ ਦੇ ਨਾਪਾਕ ਕਦਮਾਂ ਹੇਠ ਕੁਚਲਿਆ ਜਾਂਦਾ ਰਿਹਾ। ਈਰਾਨੀ ਜੇਤੂ ਦਾਰਾ ਤੋਂ ਸ਼ਾਹ ਜ਼ਮਾਨ ਤਕ ਬੇਸ਼ੁਮਾਰ ਹਮਲਾਵਰ, ਲਹਿਰ-ਦਰ-ਲਹਿਰ ਦੇਵ ਭੂਮੀ ਦੀ ਇਜ਼ਤ ਨਾਲ ਖੇਡਦੇ ਰਹੇ। ਭਾਰਤੀ ਤਹਿਜ਼ੀਬ ਦੇ ਸੀਨੇ ਵਿਚ ਇਕ ਨਹੀਂ, ਅਨੇਕ ਖੰਜਰ ਖੁਭੇ ਹੋਏ ਸਨ, ਜਿਨ੍ਹਾਂ ਦੀ ਚੁਭਣ ਅਜੇ ਤੱਕ ਸਠ ਕਰੋੜ ਹਿੰਦੁਸਤਾਨੀਆਂ ਦੇ ਦਿਲਾਂ ਵਿਚ ਸੁਲਗ ਰਹੀ ਹੈ।

'ਉਫ਼', ਉਹ ਦੌਰ ਜਦੋਂ ਜ਼ੁਲਮ ਭੀ ਕੋਈ ਜ਼ੁਲਮ ਨਹੀਂ ਸੀ ! ਜਦੋਂ ਭੀ ਕੋਈ ਲੁਟੇਰਾ ਆਇਆ, ਹਿੰਦ ਦਾ ਹੁਸਨ, ਜਵਾਨੀ, ਦੌਲਤ ਉਸ ਨੇ ਜੀਅ ਭਰ ਕੇ ਲੁਟੀ। ਇਥੋਂ ਦੀਆਂ ਨੂਹਾਂ ਧੀਆਂ ਦੀ ਇੱਜ਼ਤ ਅਸਮਤ, ਆਪਣੇ ਆਪ ਨੂੰ ਬ੍ਰਹਮ ਅਖਵਾਉਣ ਵਾਲਿਆਂ ਦੀਆਂ ਅੱਖਾਂ ਸਾਹਮਣੇ ਲਹੂ ਲੁਹਾਨ ਕਰ ਦਿਤੀ ਗਈ। ਪ੍ਰੰਤੂ ਫਿਰ—

ਇਕ ਮਰਦ ਅਗੰਮੜਾ ਉਠਿਆ। ਉਸ ਅਨੰਦ-ਪੁਰ ਦੀਆਂ ਸਰ-ਸਬਜ਼ ਵਾਦੀਆਂ ਦੀ ਰੂਹਾਨੀ ਫ਼ਿਜ਼ਾ ਵਿਚ ਇਕ ਨਾਦ ਛੇੜਿਆ—

"ਦੇਹਿ ਸ਼ਿਵਾ ਬਰ ਮੋਹਿ ਇਹੈ,
ਸ਼ੁਭ ਕਰਮਨ ਤੇ ਕਬਹੂ ਨ ਟਰੋ॥"

ਕਲਗੀਧਰ ਨੇ ਅੰਮ੍ਰਿਤ ਦੀਆਂ ਬੂੰਦਾਂ ਕੀ ਛਿੜਕੀਆਂ, ਪੰਜ ਪਾਣੀਆਂ ਦੀ ਇਸ ਧਰਤੀ ਵਿਚ ਬੇਸ਼ੁਮਾਰ ਗੁਲਸ਼ਨ ਮੁਸਕਰਾ ਉਠੇ—

"ਉਠੇ ਸਿੰਘ ਭੁਯੰਗੀਏ ਪੀ ਅੰਮ੍ਰਿਤਧਾਰਾ"

ਕਲਗੀ ਵਾਲੇ ਦੇ ਖ਼ਾਲਸੇ ਦੀ ਧਰਕਲ ਮਧ ਏਸ਼ੀਆ ਤਕ ਸੁਣੀ ਗਈ। ਨਾਰਦ ਤੇ ਅਹਿਮਦ ਸ਼ਾਹ ਦੁਰਾਨੀ ਦੀ ਔਲਾਦ ਖ਼ੈਬਰ ਦੇ ਉਰਲੇ ਬੰਨੇ ਅੱਖ ਉਚੀ ਕਰ ਕੇ ਵੇਖਣ ਦੀ ਜੁਰਅਤ ਨ ਕਰ ਸਕੀ।

ਲਾਹੌਰ ਦੇ ਤਖ਼ਤ ਤੇ ਫਿਰ ਸ਼ੇਰੇ ਪੰਜਾਬ ਜਲਵਾ-ਫ਼ਰੋਜ਼ ਕੀ ਹੋਇਆ ਕਿ ਸਿਖ ਰਾਜ ਦੀ ਤਾਕਤ ਦੁਨੀਆ ਦੀ ਚੌਥੀ ਮਹਾਨ ਤਾਕਤ ਮੰਨੀ ਜਾਣ ਲਗੀ, ਇਸ ਦੌਰਾਨ ਜਮਨਾ ਪਾਰਲਾ ਹਿੰਦੁਸਤਾਨ ਗ਼ਫ਼ਲਤ ਦੀ ਨੀਂਦ ਸੁੱਤਾ ਪਿਆ ਸੀ, ਜਦੋਂ ਪੰਜਾਬ ਅੱਗ ਦੀਆਂ ਲਪਟਾਂ ਨਾਲ ਜੂਝ ਰਿਹਾ ਸੀ, ਬਾਕੀ ਦਾ ਭਾਰਤ ਚੰਦਰ ਬਦਨ, ਕਮਲ ਨੈਣੀ, ਇੰਦਰਾ ਗਾਮਨੀ ਅਤੇ ਹੰਸ ਗਾਮਨੀ ਦੇ ਮਾਇਆ ਜਾਲ ਵਿਚ ਭਟਕਿਆ ਪਿਆ ਸੀ।

ਸਭਰਾਉਂ ਤੇ ਚੇਲਿਆਂ ਵਾਲੇ ਦੀਆਂ ਖ਼ੂਨੀ ਲੜਾਈਆਂ ਬਹਾਦਰ ਸਿਖਾਂ ਦੇ ਸਿਖੀ ਵਿਚ ਮਰ ਮਿਟਣ ਦੀ ਚਾਹ ਦਾ ਸੁੰਦਰ ਪ੍ਰਮਾਣ ਹਨ।

ਜਦੋਂ ਭਾਰਤ ਦੇ ਅਨਜਾਣ ਨਾਮੁਰਾਦ ਬੰਦੇ, ਆਪਣੇ ਹੀ ਰਾਖੇ ਪੰਜਾਬੀਆਂ ਉਤੇ ਕੂਕਰਾਂ ਵਾਂਗ ਟੁਟ ਪਏ ਸਨ, ਓਦੋਂ ਉਹਨਾਂ ਨੇ ਅੰਗ੍ਰੇਜ਼ ਦੀ ਗੁਲਾਮੀ ਨੂੰ ਆਪ ਸੱਦਾ ਦਿੱਤਾ ਸੀ।

ਜਦੋਂ ਹਿੰਦ ਪੰਜਾਬ ਦਾ ਜੰਗ ਲਗਾ।

---

**ਜ਼ਰੂਰੀ ਨੋਟ :—**'ਸੂਰਾ' ਪਰਚਾ ਆਪ ਪੜ੍ਹਨ ਤੋਂ ਬਾਅਦ ਹੋਰਨਾਂ ਪ੍ਰੇਮੀ ਜਨਾਂ ਨੂੰ ਪੜ੍ਹਾਓ। ਰੱਦੀ ਵਿਚ ਨਾ ਵੇਚੋ, ਸਗੋਂ ਲਾਗੇ ਦੀ ਕਿਸੇ ਲਾਇਬ੍ਰੇਰੀ ਵਿਚ ਪਹੁੰਚਾ ਦਿਓ। ਜੇ ਅਜਿਹਾ ਵੀ ਨਾ ਕਰ ਸਕੋ ਤਾਂ ਅਗਨੀ ਭੇਟ ਕਰ ਦਿਓ ਜੀ।

www.AKJ.Org

# ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਵਿਚ ਰਚਨਹਾਰ ਤੇ ਰਚਨਾ

[ਵਲੋਂ— ਭਾਈ ਸਾਹਿਬ ਜੋਗਿੰਦਰ ਸਿੰਘ ਜੀ, ਤਲਵਾੜਾ]

ਸੰਸਾਰ ਦੀ ਸੁੰਦਰ ਰਚਨਾ ਦਾ ਰਚਨਹਾਰ ਰਾਮ ਹੈ—

ਸਾਧੋ ਰਚਨਾ ਰਾਮ ਬਨਾਈ ॥੨॥੨॥ [ਗਉੜੀ

ਭਾਵੇਂ ਰਾਮ ਨੇ ਆਪਣੀ ਰਜ਼ਾ ਵਿਚ ਮਨੁੱਖ ਨੂੰ ਕਰਤਾਰੀ ਸ਼ਕਤੀਆਂ ਬਖ਼ਸ਼ੀਆਂ ਹੋਈਆਂ ਹਨ, ਪਰ ਇਹ ਓਸੇ ਦੀਆਂ ਬਖ਼ਸ਼ਸ਼ਾਂ ਹਨ ਅਤੇ ਅਸਲੀ ਅਰਥਾਂ ਵਿਚ 'ਕਰਤਾ' ਉਹ ਆਪ ਹੀ ਹੈ। ਤੱਤ-ਵੇਤਾ ਤੇ ਬੰਧਨ-ਮੁਕਤ ਮਨੁੱਖ ਇਹਨਾਂ ਕਰਤਾਰੀ ਸ਼ਕਤੀਆਂ ਦਾ ਪ੍ਰਯੋਗ ਕਰਦਾ ਹੋਇਆ, ਆਪਣੇ ਆਪ ਦੀ ਬਜਾਏ, ਰਾਮ ਨੂੰ ਹੀ ਮਨ, ਬਚਨ, ਕਰਮ ਕਰਕੇ ਕਰਤਾ ਮੰਨਦਾ ਹੈ—

ਜਿਹ ਪ੍ਰਾਨੀ ਹਉਮੈ ਤਜੀ ਕਰਤਾ ਰਾਮੁ ਪਛਾਨਿ ॥
ਕਹੁ ਨਾਨਕ ਵਹੁ ਮੁਕਤ ਨਰੁ ਇਹ ਮਨ ਸਾਚੀ ਮਾਨੁ ॥੧੯॥

ਸੁੰਦ੍ਰਾਵਲਾ ਰਚਨਹਾਰ 'ਰਾਮ' ਆਪਣੀ ਰਚਨਾ ਵਿਚ ਓਤਿ ਪੋਤਿ ਰਚਿਆ ਮਿਥਿਆ ਹੋਇਆ ਹੈ—

ਜਨ ਨਾਨਕ ਸਭ ਹੀ ਮਹਿ ਪੂਰਨੁ ਏਕੁ ਪੁਰਖੁ ਭਗਵਾਨੋ ॥੨॥੧॥ [ਬਸੰਤੁ

ਆਪਣੇ ਨਿਰਗੁਣੀ ਸਰੂਪ ਵਿਚ ਉਸ ਦਾ ਕੋਈ ਰੂਪ ਰੇਖ ਨਹੀਂ, ਪਰ ਸਰਗੁਣ ਹੋ ਕੇ ਸਾਰੀ ਰਚਨਾ ਵਿਚ ਸਮਾਇਆ ਹੋਇਆ ਹੈ, ਹਲੂਲ ਹੋਇਆ ਪਿਆ ਹੈ, ਐਨ ਓਸੇ ਤਰ੍ਹਾਂ ਜਿਵੇਂ ਸੁਗੰਧੀ ਫੁੱਲ ਵਿਚ ਅਤੇ ਪਰਛਾਵਾਂ ਸ਼ੀਸ਼ੇ ਵਿਚ—

ਘਟ ਘਟ ਮਹਿ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ ॥੧੨॥

ਅਜਬ ਖੇਡ ਇਹ ਹੈ ਕਿ ਸਭ ਕਾਸੇ ਵਿਚ ਵਸਦਾ ਰਸਦਾ ਹੋਇਆ ਉਹ 'ਰਾਮ' ਸਭ ਤੋਂ ਨਿਰਲੇਪ ਹੈ—

ਨਾਨਾ ਰੂਪ ਧਰੇ ਬਹੁ ਰੰਗੀ ਸਭ ਤੇ ਰਹੈ ਨਿਰਾਰਾ ॥੨॥੧॥ [ਬਿਹਾਗੜਾ

ਪਰ ਨਿਰਲੇਪ ਹੁੰਦਾ ਹੋਇਆ ਵੀ ਆਪਣੇ ਭਗਤਾਂ ਅਤੇ ਦੀਨਾਂ ਦੁਖੀਆਂ ਦੀ ਪੀੜਾ ਮਹਿਸੂਸ ਕਰਦਾ ਹੈ—

ਨਾਨਕ ਕਹਤੁ ਭਗਤ ਰਛਕ ਹਰਿ ਨਿਕਟਿ ਤਾਹਿ ਤੁਮ ਮਾਨਉ ॥੨॥੧॥ [ਬਿਲਾਵਲੁ
ਪਤਿਤ ਪੁਨੀਤ ਦੀਨ ਬੰਧੁ ਹਰਿ ਸਰਨਿ ਤਾਹਿ ਤੁਮ ਆਵਉ ॥੧॥੫॥ [ਗਉੜੀ

ਉਨ੍ਹਾਂ ਦੀਆਂ ਜੋਦੜੀਆਂ ਸੁਣ ਕੇ ਉਹਨਾਂ ਦੇ ਦੁਖੜੇ ਨਵਿਰਤ ਕਰਦਾ ਹੈ, ਇਸੇ ਲਈ ਉਸ ਨੂੰ ਭਰਤ-ਵਛਲ, ਕਿਰਪਾ-ਨਿਧਿ, ਕਰੁਣਾਮੈ, ਦੀਨਾ-ਬੰਧੂ, ਦੁਖ-ਭੰਜਨ, ਭੈ-ਹਰਨ ਆਦਿ ਨਾਵਾਂ ਨਾਲ ਯਾਦ ਕੀਤਾ ਜਾਂਦਾ ਹੈ।

ਉਹ 'ਰਾਮ' ਜਗਤ-ਪਿਤਾ ਹੈ ਅਤੇ ਪਿਤਾ ਦੇ ਨਾਤੇ ਬਖ਼ਸ਼ਿੰਦ ਵੀ ਹੈ। ਜਦੋਂ ਕੋਈ ਵਿਕਾਰੀ ਮਨੁੱਖ ਵੀ ਆਪਣੇ ਕੀਤੇ ਪਾਪਾਂ ਦਾ ਪਸ਼ਚਾਤਾਪ ਕਰ ਕੇ ਠੀਕ ਜੀਵਨ-ਰਾਹ ਉਤੇ ਆ ਜਾਵੇ, ਪ੍ਰਭੂ ਉਸ ਉਤੇ ਮਿਹਰ ਕਰਦਾ ਹੈ, ਉਸ ਦੀ ਪਾਪਾਂ ਦੀ ਮੈਲ ਧੋ ਕੇ ਨਿਰਮਲ ਅਤੇ ਪਵਿਤਰ ਕਰ ਦਿੰਦਾ ਹੈ। ਸੋ ਉਹ ਪ੍ਰਭੂ ਪਤਿਤ-ਪਾਵਨ ਹੈ—

ਪਤਿਤ ਉਧਾਰਨ ਭੈ ਹਰਨ ਹਰਿ ਅਨਾਥ ਕੇ ਨਾਥ ॥੬॥

ਜਿਨ੍ਹਾਂ ਮਨੁੱਖਾਂ ਦਾ ਸੰਸਾਰ ਵਿਚ ਕੋਈ ਯਾਰ ਮਦਦਗਾਰ ਨਹੀਂ, ਵਾਹਿਗੁਰੂ ਅਜਿਹੇ ਨਿਖਸਮਿਆਂ ਦਾ ਖਸਮ ਹੈ ਅਤੇ ਲੋਕ ਪਰਲੋਕ ਵਿਚ ਰਖਿਆ ਕਰਦਾ ਹੈ।

ਰਚਨਹਾਰ 'ਰਾਮ' ਕਰਤਾ ਹੈ। ਉਹ ਆਪਣੇ ਆਪ ਤੋਂ (ਸੈਭੰ) ਹੈ ਅਤੇ ਸਰਬ ਸ਼ਕਤੀਮਾਨ ਹੈ। ਉਸ ਦੀ ਲੀਲ੍ਹਾ ਬੇਅੰਤ ਹੈ। ਉਸ ਦੀ ਗਤੀ ਕੋਈ ਨਹੀਂ ਸਮਝ ਸਕਦਾ। ਛਿਨ ਵਿਚ ਰਾਜਿਆਂ ਨੂੰ ਕੰਗਾਲ ਅਤੇ ਕੰਗਾਲਾਂ ਨੂੰ ਰਾਜੇ ਬਣਾ ਦਿੰਦਾ ਹੈ—

ਹਰਿ ਕੀ ਗਤਿ ਨਹਿ ਕੋਊ ਜਾਨੈ ॥......ਛਿਨ ਮਹਿ ਰਾਉ ਰੰਕ ਕਉ ਕਰਈ ਰਾਉ
ਰੰਕ ਕਰਿ ਡਾਰੈ ॥੧॥੧॥ [ਬਿਹਾਗੜਾ

ਉਹ ਰਾਜਿਆਂ ਦਾ ਮਹਾਨ ਰਾਜਾ ਤੇ ਵਡ-ਦਾਤਾਰ ਹੈ। ਸਾਰਾ ਸੰਸਾਰ ਉਸ ਦਾ ਭਿਖਾਰੀ ਹੈ—

ਜਗਤੁ ਭਿਖਾਰੀ ਫਿਰਤੁ ਹੈ ਸਭ ਕੋ ਦਾਤਾ ਰਾਮ ॥੪੦॥

www.AKJ.Org

# 'ਸੂਰਾ' ਮਾਸਕ ਪੱਤਰ ਦੇ ਨਵੇਂ ਅਮਾਨਤੀ ਲਾਈਫ਼ ਮੈਂਬਰ

ਇਸ ਮਹੀਨੇ ਹੇਠ ਲਿਖੇ ਸਜਣਾਂ ਵਲੋਂ ਸੌ ਸੌ ਰੁਪਏ ਪੁਜੇ ਹਨ, ਜਿਨ੍ਹਾਂ ਦੀਆਂ ਰਕਮਾਂ ਬੈਂਕ ਵਿਚ ਜਮ੍ਹਾ ਕਰਾ ਕੇ ਪਾਠਕਾਂ ਦੇ ਨਾਵਾਂ ਦੀਆਂ ਐਫ. ਡੀਆਂ ਬਣਵਾ ਦਿਤੀਆਂ ਗਈਆਂ ਹਨ। ਹੇਠ ਇਨ੍ਹਾਂ ਪਾਠਕਾਂ ਦੇ ਨਾਂ, ਚਿਟ ਨੰਬਰ ਅਤੇ ਐਫ. ਡੀ. ਨੰਬਰ, ਸਣੇ ਤਰੀਕਾਂ ਦਿਤੇ ਜਾਂਦੇ ਹਨ :—

| | | | |
|---|---|---|---|
| 113. ਡਾ: ਦਲਬੀਰ ਸਿੰਘ ਜੀ | (ਚਿਟ ਨੰਬਰ 996) | 204627/1006/76 | ਮਿਤੀ 25/6/76 |
| 114. ਸ: ਭਗਤ ਸਿੰਘ ਐਂਡ ਸਨਜ਼ | ( ,, 1923) | 204628/1007/76 | ,, |
| 115. ਸ: ਸਤਨਾਮ ਸਿੰਘ ਜੀ | ( ,, 1242) | 204629/1008/76 | ,, |
| 116. ਸ: ਜਾਗੀਰ ਸਿੰਘ ਜੀ | ( ,, 769) | 204630/1009/76 | ,, |
| 117. ਸ: ਗੁਰਬਖਸ਼ ਸਿੰਘ ਜੀ | ( ,, 779) | 204631/1010/76 | ,, |
| 118. ਸ: ਅਤਰ ਸਿੰਘ ਈਸ਼ਰ ਸਿੰਘ ਜੀ | ( ,, 1783) | 204632/1011/76 | ,, |
| 119. ਬੀਬੀ ਗੁਰਪ੍ਰੀਤ ਕੌਰ ਜੀ | ( ,, 1659) | 204633/1012/76 | ,, |
| 120. ਪ੍ਰੋਫ਼ੈਸਰ ਠਾਕੁਰ ਸਿੰਘ ਜੀ | ( ,, 732) | 204634/1013/76 | ,, |
| 121. ਨੈਬ ਸੂਬੇਦਾਰ ਅਮਰੀਕ ਸਿੰਘ ਜੀ | ( ,, 1690) | 204635/1014/76 | ,, |
| 122. ਗਿ: ਮਨਮੋਹਨ ਸਿੰਘ ਜੀ ਛਤਵਾਲ | ( ,, 1095) | 204636/1015/76 | ,, |
| 123. ਸ: ਪ੍ਰੀਤਮ ਸਿੰਘ ਜੀ ਚਾਨੀ | ( ,, 440) | 204637/1016/76 | ,, |

**ਪਰਦੇਸੀ ਵੀਰ ਨੋਟ ਕਰਨ**—ਬ੍ਰਿਟਿਸ਼ ਪੋਸਟਲ ਆਰਡਰ ਇਕ ਪੌਂਡ ਦਾ ਕੀਮਤ ਘਟ ਕੇ 15-64 ਰੁਪਏ ਰਹਿ ਗਈ ਹੈ। ਸੋ ਪਰਦੇਸੀ ਵੀਰ ਸਮੁੰਦਰੀ ਡਾਕ ਲਈ ਸਵਾ ਪੌਂਡ ਅਤੇ ਹਵਾਈ ਡਾਕ ਲਈ ਤਿੰਨ ਪੌਂਡ ਦੇ ਪੋਸਟਲ ਆਰਡਰ ਮੈਨੇਜਰ 'ਸੂਰਾ' ਅੰਮ੍ਰਿਤਸਰ ਦੇ ਨਾਂ ਭੇਜਣ।

ਦੇਸ ਦਾ ਚੰਦਾ ਪਿਛਲੇ ਸਾਲ ਤੋਂ ਅਠ ਰੁਪਏ ਹੋ ਚੁਕਾ ਹੈ। ਸੋ ਸਭ ਸਜਣ ਮਨੀਆਰਡਰ ਸਾਲ ਦਾ ਚੰਦਾ ਭੇਜਣ ਲਗਿਆਂ ਅਠ ਰੁਪਏ ਦਾ ਮਨੀਆਰਡਰ ਭੇਜਣ।


## ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | |
|---|---|---|---|
| ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ ? | ੩–੦੦ | ਗੁਰਮਤਿ ਬਿਬੇਕ | ੭–੫੦ |
| ਗੁਰਮਤਿ ਸਚ ਨਿਰਣੇ | ੬–੦੦ | ਗੁਰਮਤਿ ਰਮਜ਼ਾਂ | ੧–੩੦ |
| ਅੰਮ੍ਰਿਤ ਕੀ ਹੈ | ੨– ੦ | ਅਨਹਦ ਸ਼ਬਦ ਦਸਮ ਦੁਆਰ | ੩–੫੦ |
| ਰੰਗਲੇ ਸਜਣ | ੩–੫੦ | ਗੁਰਮਤਿ ਗੌਰਵਤਾ | ੭–੦੦ |
| ਦਰਸ਼ਨ ਝਲਕਾਂ | ੨–੫੦ | ਝਟਕਾ ਮਾਸ ਪ੍ਰਥਾਇ ਤਤ ਨਿਰਣੇ | ੩–੦੦ |
| ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ੦–੩੫ | ਗੁਰਬਾਣੀ ਦੀ ਪਾਰਸ-ਕਲਾ | ੦–੩੫ |
| ਸਿੰਘਾਂ ਦਾ ਪੰਥ ਨਿਰਾਲਾ | ੦–੨੫ | ਉਮਰ ਕੈਦੀ ਦਾ ਸੁਪਨਾ | ੦–੨੫ |

ਹੋਰ ਪੁਸਤਕਾਂ ਭਾਈ ਸਾਹਿਬ ਲਿਖਤ ਜਿਉਂ ਜਿਉਂ ਛਪਣਗੀਆਂ, ਪਾਠਕਾਂ ਨੂੰ ਇਤਲਾਹ ਦਿੰਦੇ ਜਾਵਾਂਗੇ।

ਪੁਸਤਕਾਂ ਮੰਗਾਉਣ ਦਾ ਲਈ—

**ਭਾਈ ਸਾਹਿਬ ਰਣਧੀਰ ਸਿੰਘ ਪਬਲਿਸ਼ਿੰਗ ਹਾਊਸ, 126-ਮਾਡਲ ਟਾਊਨ, ਲੁਧਿਆਣਾ**

**(ਜਾਂ) 'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ**


www.AKJ.Org